Hansti Duniya (Punjabi)
Vol. 47 ✶ No. 11 ✶ November 2023

₹15/-

# ਹੱਸਤੀ ਦੁਨੀਆ



# ਹੰਸਤੀ ਦੁਨੀਆ


✶ VOL - 47

ਅੰਕ - 11 ✶ ਨਵੰਬਰ 2023 ✶ Pages : 52


(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)

Also published in Hindi, English & Marathi


Printer & Publisher Raj Kumari, on behalf of Sant Nirankari Mandal, Delhi-110009, Printed at HT Media Limited, Plot No. 8, Udyog Vihar, Greater Noida- 201306 (U.P.) & published at Sant Nirankari Satsang Bhawan, Sant Nirankari Colony, Delhi-110009



Editor (Honorary)

Sulekh Singh 'Sathi'

E-mail : hduniya.punjabi@nirankari.org
editorial@nirankari.org

Ph. : 011-47660200

Fax : 011-27608215

Website : www.nirankari.org
kids.nirankari.org


04





21





18




22




46




## ਸਤੰਭ


| | |
|---|---|
| ਸਭ ਤੋਂ ਪਹਿਲਾਂ | 04 |
| ਵਿਗਿਆਨ ਪ੍ਰਸ਼ਨੋਤਰੀ | 12 |
| ਹਾਸਾ-ਖੇਡਾ | 18 |
| ਸਾਧਾਰਣ ਗਿਆਨ ਪ੍ਰਸ਼ਨੋਤਰੀ | 21 |
| ਕੀ ਤੁਸੀਂ ਜਾਣਦੇ ਹੋ? | 29 |
| ਰੰਗ ਭਰੋ ਪ੍ਰਤੀਯੋਗਿਤਾ | 39 |
| ਕਦੇ ਨਾ ਭੁੱਲੋ | 44 |
| ਬੁੱਧੀ ਦੀ ਪਰਖ | 50 |


## ਚਿੱਤਰਕਥਾਵਾਂ


| | |
|---|---|
| ਕਿੱਟੀ | 22 |
| ਚਿਤੱਰਕਥਾ | 46 |







## ਕਹਾਣੀਆਂ


06. ਕੈਦ ਤੋਂ ਛੁਟਕਾਰਾ
– ਅਮਰ ਸਿੰਘ'
08. ਮੈਂ ਵੀ ਬਚਤ ਕਰਾਂਗਾ ...
– ਡਾ. ਦੇਸ਼ਬੰਧੂ
26. ਮਨੂੰ ਅਤੇ ਮਿੱਠੂ ਦੀ ...
– ਹਰਜਿੰਦਰ ਪਾਇਲ
34. ਠੱਗੀ ਮਹਿੰਗੀ ਪਈ
– ਦੀਪਾਂਸ਼ੂ ਜੈਨ


## ਗੀਤ-ਕਵਿਤਾਵਾਂ


05. ਆਇਆ ਦੀਵਾਲੀ ਦਾ...
– ਅਮਨ ਦਿਲਜਾਨ
10. ਕਲਮ ਬਣਾਵੇ ਮਾਨਵਤਾ
– ਬਲਵਿੰਦਰ 'ਬਾਲਮ'
33. ਫੁੱਲਾਂ ਉਤੇ ਸੈਰ ਹੈ...
– ਅਮਨਪ੍ਰੀਤ ਸਿੰਘ
37. ਤਿਉਹਾਰ ਦਿਵਾਲੀ ਦਾ
– ਜਗਤਾਰ ਚਮਨ
45. ਚਾਚਾ ਨਹਿਰੂ ਜੀ ਦਾ...
– ਬਲਬੀਰ ਸੋਢੀ


## ਵਿਸ਼ੇਸ਼ ਲੇਖ


11. ਹਰ ਬੱਚੇ ਦੇ 'ਚਾਚਾ ਨਹਿਰੂ' ...
– ਮਨਮੋਹਨ ਬਾਵਾ
13. ਇੱਕ ਅਨੋਖਾ ਜੀਵ – ਬੀਵਰ ...
– ਪ੍ਰਿਤਪਾਲ ਸਾਦਿਕ
16. ਵਾਤਾਵਰਣ ਅਤੇ ਰੁੱਖ
– ਮਲਾਰਾ ਸਿੰਘ
20. ਬਾਲ ਦਿਵਸ
– ਰੂਪਮਜੀਤ
30. ਕੌੜੀ ਨਿੰਮ ਦੀਆਂ ਮਿੱਠੀਆਂ...
– ਅਭੈ ਕੁਮਾਰ ਜੈਨ
32. ਲਾਇਬਰੇਰੀ?.
– ਦਿਨੇਸ਼ ਦਰਪਣ
38. ਕੀ ਹੁੰਦਾ ਹੈ ਵਿਸ਼ਵ ਵਿਰਸਾ?
– ਵਿਦਿਆ ਪ੍ਰਕਾਸ਼
42. ਜਲ ਕੁੱਕੜੀ...
– ਸੁਖਮੰਦਰ ਸਿੰਘ ਤੂਰ












# ਅੱਜ ਦੇ ਬੱਚੇ ਕੱਲ ਦਾ ਭਵਿੱਖ

ਪਿਆਰੇ ਬੱਚਿਉ! ਅੱਜ ਜੋ ਹੰਸਤੀ ਦੁਨੀਆ ਪੰਜਾਬੀ ਤੁਹਾਡੇ ਹੱਥਾਂ ਵਿਚ ਹੈ, ਇਹ ਨਿਰੰਕਾਰੀ ਪ੍ਰਕਾਸ਼ਨ ਦਾ ਇਕ ਅੰਗ ਹੈ। ਨਿਰੰਕਾਰੀ ਪ੍ਰਕਾਸ਼ਨ ਦਾ ਆਰੰਭ ਬਾਬਾ ਸੱਜਣ ਸਿੰਘ ਜੀ ਰਾਹੀਂ ਕੀਤਾ ਗਿਆ ਸੀ ਜੋ ਸ਼ਹਿਨਸ਼ਾਹ ਬਾਬਾ ਅਵਤਾਰ ਸਿੰਘ ਜੀ ਦੇ ਸਪੁੱਤਰ ਸਨ। ਬਾਅਦ ਵਿਚ ਨਿਰੰਕਾਰੀ ਪ੍ਰਕਾਸ਼ਨ ਰਾਹੀਂ ਅਨੇਕਾਂ ਪੱਤਰ-ਪਤਰਕਾਵਾਂ ਆਰੰਭ ਕੀਤੀਆਂ ਗਈਆਂ ਜਿਨਾਂ ਵਿਚ ਬਾਲ ਪਤਰਕਾ ਹੰਸਤੀ ਦੁਨੀਆ ਵੀ ਸ਼ਾਮਲ ਹੈ।

ਪਿਆਰੇ ਬੱਚਿਉ! ਨਵੰਬਰ ਦਾ ਮਹੀਨਾ ਬੱਚਿਆਂ ਲਈ ਤਾਂ ਬਹੁਤ ਹੀ ਮਹੱਤਵਪੂਰਣ ਹੈ ਕਿਉਂਕਿ ਇਸ ਮਹੀਨੇ ਹੀ ਬਾਲ ਦਿਵਸ ਮਨਾਇਆ ਜਾਂਦਾ ਹੈ। ਅਸਲ ਵਿਚ 14 ਨਵੰਬਰ ਨੂੰ ਪੰਡਿਤ ਜਵਾਹਰ ਲਾਲ ਨਹਿਰੂ ਜੀ ਦਾ ਜਨਮ ਦਿਨ ਹੁੰਦਾ ਹੈ ਜੋ ਆਜ਼ਾਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਸਨ। ਪੰਡਿਤ ਜਵਾਹਰ ਲਾਲ ਨਹਿਰੂ ਬੱਚਿਆਂ ਨੂੰ ਬਹੁਤ ਪਿਆਰ ਕਰਦੇ ਸਨ। ਉਹ ਸੋਚਦੇ ਸਨ ਕਿ ਅੱਜ ਦਾ ਬਚਪਨ ਹੀ ਕੱਲ ਦਾ ਵਿਕਸਿਤ ਭਾਰਤ ਹੋਵੇਗਾ। ਸਫ਼ੇਦ ਰੰਗ ਦੀ ਅਚਕਨ ਉਤੇ ਗੁਲਾਬ ਦਾ ਫੁੱਲ ਉਹਨਾਂ ਦੀ ਪਛਾਣ ਬਣ ਗਈ ਸੀ।

ਪੰਡਿਤ ਜਵਾਹਰ ਲਾਲ ਨਹਿਰੂ ਤਾਂ ਬੱਚਿਆਂ ਨੂੰ ਪਿਆਰ ਕਰਦੇ ਹੀ ਸਨ ਇਸ ਲਈ ਬੱਚੇ ਵੀ ਇਸ ਪਿਆਰ ਕਾਰਣ ਉਨ੍ਹਾਂ ਨੂੰ 'ਚਾਚਾ ਨਹਿਰੂ' ਕਹਿ ਕੇ ਪੁਕਾਰਦੇ ਸਨ। ਬਾਲ ਦਿਵਸ ਵੀ ਉਹਨਾਂ ਦੇ ਜਨਮ ਦਿਨ 14 ਨਵੰਬਰ ਨੂੰ ਹੀ ਮਨਾਇਆ ਜਾਂਦਾ ਹੈ। ਇਸ ਦਿਨ ਕਈ ਬਾਲ ਕਲਿਆਣ ਯੋਜਨਾਵਾਂ ਆਰੰਭ ਹੁੰਦੀਆਂ ਹਨ ਅਤੇ ਅਨੇਕਾਂ ਬਾਲ ਕਲਿਆਣ ਪ੍ਰੋਗਰਾਮ ਵੀ ਹੁੰਦੇ ਹਨ।

ਪਿਆਰੇ ਬੱਚਿਉ! ਨਵੰਬਰ ਦੇ ਮਹੀਨੇ ਦੀਵਾਲੀ ਦਾ ਤਿਉਹਾਰ ਵੀ ਹੈ। ਕੀ ਤੁਸੀਂ ਜਾਣਦੇ ਹੋ ਕਿ ਦੀਵਾਲੀ ਕਿਉਂ ਮਨਾਈ ਜਾਂਦੀ ਹੈ? ਜੇ ਨਹੀਂ ਤਾਂ ਧਿਆਨ ਨਾਲ ਸੁਣੋ, ਅਸਲ ਵਿਚ ਅਯੁਧਿਆ ਦੇ ਰਾਜਾ ਦਸ਼ਰਥ ਦੇ ਚਾਰ ਪੁੱਤਰ ਸਨ, ਰਾਮ, ਲੱਛਮਣ, ਸ਼ਤਰਘਨ ਅਤੇ ਭਰਤ। ਇਹਨਾਂ ਵਿਚੋਂ ਰਾਮ ਸਭ ਤੋਂ ਵੱਡੇ ਸਨ। ਇਸ ਲਈ ਰਾਮ ਦੇ ਰਾਜਤਿਲਕ ਦੀਆਂ ਤਿਆਰੀਆਂ ਪੂਰੀਆਂ ਕਰ ਦਿਤੀਆਂ ਗਈਆਂ। ਪਰ ਰਾਣੀ ਕੈਕਈ ਨੇ ਰਾਜਾ ਦਸ਼ਰਥ ਨੂੰ ਕਿਹਾ ਕਿ ਮੇਰੇ ਬਚਨ ਪੂਰੇ ਕਰੋ। ਪਹਿਲਾ ਬਚਨ ਤਾਂ ਇਹ ਕਿ ਰਾਜਤਿਲਕ ਰਾਮ ਦਾ ਨਹੀਂ ਮੇਰੇ ਪੁੱਤਰ ਭਰਤ ਦਾ ਹੋਣਾ ਚਾਹੀਦਾ ਹੈ। ਦੂਜਾ ਬਚਨ ਇਹ ਕਿ ਰਾਮ ਨੂੰ 14 ਸਾਲ ਬਨਵਾਸ ਦਿਤਾ ਜਾਵੇ। ਇੰਝ ਹੀ ਹੋਇਆ।

ਫਿਰ ਰਾਵਣ ਦਾ ਅੰਤ ਕਰਨ ਮਗਰੋਂ ਭਗਵਾਨ ਸ਼੍ਰੀਰਾਮ ਜੀ ਜਦ ਅਯੁਧਿਆ ਵਾਪਿਸ ਪਹੁੰਚੇ ਤਾਂ ਨਗਰਵਾਸੀਆਂ ਨੇ ਦੀਪ ਜਗਾ ਕੇ ਉਨ੍ਹਾਂ ਦਾ ਸਵਾਗਤ ਕੀਤਾ। ਇਸ ਖੁਸ਼ੀ ਨੂੰ ਪ੍ਰਗਟ ਕਰਨ ਲਈ ਹੀ ਦੀਵਾਲੀ ਦਾ ਤਿਉਹਾਰ ਮਨਾਇਆ ਜਾਂਦਾ ਹੈ।

ਪਿਆਰੇ ਬੱਚਿਉ! ਮੌਸਮ ਦਾ ਮਿਜਾਜ ਵੀ ਬਦਲ ਗਿਆ ਹੈ। ਹਲਕੀ-ਹਲਕੀ ਠੰਢ ਸ਼ੁਰੂ ਹੋ ਗਈ ਹੈ। ਤੁਸੀਂ ਆਪਣੀ ਸਿਹਤ ਵਲੋਂ ਲਾਪਰਵਾਹ ਨਹੀਂ ਹੋਣਾ। ਗਰਮ ਕਪੜਿਆਂ ਦੀ ਵਰਤੋਂ ਸ਼ੁਰੂ ਕਰਕੇ ਆਉਣ ਵਾਲੀ ਸਰਦੀ ਦੇ ਮੌਸਮ ਦੀ ਪਰੇਸ਼ਾਨੀ ਤੋਂ ਬਚ ਕੇ ਰਹਿਣਾ ਹੈ।

– **ਸੰਪਾਦਕ**



# ਆਇਆ ਦੀਵਾਲੀ ਦਾ ਤਿਉਹਾਰ

– ਅਮਨ ਦਿਲਜਾਨ

ਆਇਆ ਦੀਵਾਲੀ ਦਾ ਤਿਉਹਾਰ, ਦੀਪ ਜਗਾਈਏ ਪਿਆਰ ਦੇ,
ਵੰਡੀਏ ਮਹਿਕਾਂ ਤੇ ਗੁਲਜ਼ਾਰ, ਦੀਪ ਬੁਝਾਈਏ ਹੰਕਾਰ ਦੇ,
ਆਇਆ ਦੀਵਾਲੀ ਦਾ ਤਿਉਹਾਰ....

ਖੁਸ਼ੀਆਂ ਤੇ ਖੇੜੇ ਲੈ ਕੇ
ਆਉਂਦਾ ਏ ਤਿਉਹਾਰ,
ਮਨਾਂ ਵਿੱਚੋਂ ਦੂਰੀਆਂ ਦਾ
ਮਿਟਾਉਂਦਾ ਏ ਜਾਲ,
ਆਇਆ ਦੀਵਾਲੀ ਦਾ ਤਿਉਹਾਰ....

ਮਿਲਜੁੱਲ ਕੇ ਰਹੀਏ
ਸਾਨੂੰ ਇਹੋ ਸਿਖਾਉਂਦਾ ਏ,
ਸਭ ਦੇ ਦਿਲਾਂ ਵਿੱਚ
ਪਿਆਰ ਹੀ ਪਿਆਰ ਵਧਾਉਂਦਾ ਏ,
ਆਇਆ ਦੀਵਾਲੀ ਦਾ ਤਿਉਹਾਰ....

ਖੂਬ ਹੁੰਦਾ ਏ ਮਠਿਆਈਆਂ
ਤੇ ਪਟਾਕਿਆਂ ਦਾ ਸ਼ੋਰ,
ਸ਼ੁਰੂ ਤੋਂ ਹੀ ਚੱਲਿਆ ਆਇਆ
ਹੈ ਇਹ ਐਸਾ ਦੌਰ,
ਆਇਆ ਦੀਵਾਲੀ ਦਾ ਤਿਉਹਾਰ....

'ਅਮਨ ਦਿਲਜਾਨ' ਠੰਡ ਆਵੇ,
ਬੋਲਾਂ ਵਿੱਚ ਖੰਡ ਆਵੇ,
ਵੈਰ, ਈਰਖਾ ਦੀ ਬਣੀ ਹੋਈ,
ਢਹਿ ਕੰਧ ਜਾਵੇ,
ਆਇਆ ਦੀਵਾਲੀ ਦਾ ਤਿਉਹਾਰ....



# ਕੈਦ ਤੋਂ ਛੁਟਕਾਰਾ

– ਅਮਰ ਸਿੰਘ

ਹਵੇਲੀ ਦੇ ਜਿਸ ਕਮਰੇ ਵਿੱਚ ਮਿੱਠੂ ਤੋਤਾ ਪਿੰਜਰੇ ਵਿੱਚ ਬੰਦ ਸੀ,ਉਸ ਕਮਰੇ ਵਿੱਚ ਕਬੂਤਰਾਂ ਦਾ ਇਕ ਜੋੜਾ ਵੀ ਸੀ। ਕਬੂਤਰਾਂ ਦਾ ਜਦ ਦਿਲ ਕਰਦਾ ਤਦ ਉਹ ਬਾਹਰ ਘੁੰਮਣ ਚਲੇ ਜਾਂਦੇ। ਜਦ ਦਿਲ ਕਰਦਾ,ਵਾਪਸ ਆਪਣੇ ਸਥਾਨ ਤੇ ਆ ਜਾਂਦੇ। ਕਬੂਤਰਾਂ ਨੂੰ ਅਜਿਹਾ ਕਰਦੇ ਵੇਖ ਮਿੱਠੂ ਤੋਤੇ ਦਾ ਮਨ ਵੀ ਬਾਹਰ ਖੁਲ੍ਹੇ ਆਕਾਸ਼ ਵਿੱਚ ਉਡੱਣ ਨੂੰ ਕਰਦਾ ਪਰ ਉਹ ਕੀ ਕਰੇ? ਪਿੰਜਰੇ ਦੀਆਂ ਸੀਖਾਂ ਦੇ ਪਿੱਛੇ ਬੰਦ ਪਿਆ ਹੈ। ਉਹ ਉਹਨਾਂ ਨੂੰ ਤੋੜ ਵੀ ਨਹੀਂ ਸਕਦਾ ਸੀ। ਮਨ ਮਾਰ ਕੇ ਚੁਪਚਾਪ ਬੈਠ ਜਾਂਦਾ।

ਇਕ ਦਿਨ ਉਸ ਨੇ ਕਬੂਤਰਾਂ ਦੇ ਜੋੜੇ ਨੂੰ ਆਪਣੇ ਕੋਲ ਬੁਲਾਇਆ ਅਤੇ ਪੁੱਛਿਆ – ਹਵੇਲੀ ਦਾ ਮਾਲਿਕ ਤੁਹਾਨੂੰ ਬਾਹਰ ਕਿਵੇਂ ਜਾਣ ਦਿੰਦਾ ਹੈ? ਮੈਨੂੰ ਇਸ ਪਿੰਜਰੇ ਵਿੱਚ ਬੰਦ ਹੋਏ ਬਹੁਤ ਦਿਨ ਹੋ ਗਏ ਹਨ, ਉਸ ਨੇ ਮੈਨੂੰ ਅੱਜ ਤਕ ਇਕ ਪਲ ਲਈ ਵੀ ਨਹੀਂ ਛੱਡਿਆ। ਇਸ ਪਿਛੇ ਕੀ ਰਾਜ ਹੈ? ਇਹ ਗੱਲ ਮੇਰੀ ਸਮਝ ਵਿੱਚ ਨਹੀਂ ਆਈ।

– ਉਸ ਨੂੰ ਸਾਡੇ ਤੇ ਵਿਸ਼ਵਾਸ਼ ਹੋ ਗਿਆ ਹੈ ਕਿ ਅਸੀਂ ਦਿਨ ਭਰ ਘੁੰਮ-ਫਿਰ ਕੇ ਸ਼ਾਮ ਨੂੰ ਇਥੇ ਵਾਪਸ ਆ ਜਾਵਾਂਗੇ – ਕਬੂਤਰ ਨੇ ਉਸ ਦੇ ਸਵਾਲ ਦਾ ਜਵਾਬ ਦਿੱਤਾ।'

– ਕਬੂਤਰ ਭਾਈ, ਬਹੁਤ ਦਿਨਾਂ ਤੋਂ ਇਸ ਪਿੰਜਰੇ ਵਿੱਚ ਬੰਦ ਪਿਆ-ਪਿਆ ਮੈਂ ਬਹੁਤ ਪ੍ਰੇਸ਼ਾਨ ਹੋ ਗਿਆ ਹਾਂ। ਮੈਂ ਵੀ ਤੁਹਾਡੇ ਵਾਂਗ ਖੁਲ੍ਹੇ ਆਕਾਸ਼ ਵਿੱਚ ਉਡੱਣਾ ਚਾਹੁੰਦਾ ਹਾਂ। ਮੇਰੀ ਕੁਝ ਮਦਦ ਕਰੋ। – ਤੋਤੇ ਨੇ ਉਹਨਾਂ ਵੱਲ ਵੇਖਦੇ ਹੋਏ ਕਿਹਾ।



– ਮੈਂ ਤੇਰੀ ਕੀ ਮਦਦ ਕਰ ਸਕਦਾ ਹਾਂ? ਮੈਂ ਵੀ ਤਾਂ ਤੇਰੀ ਤਰ੍ਹਾਂ ਇਕ ਛੋਟਾ ਜਿਹਾ ਪੰਛੀ ਹੀ ਹਾਂ। – ਕਬੂਤਰ ਨੇ ਆਪਣੀ ਵਿਵਸ਼ਤਾ ਜਤਾਈ।

– ਇੰਝ ਨਾ ਕਹਿ ਕਬੂਤਰ ਭਾਈ, ਮੈਂ ਤੇਰੇ ਤੋਂ ਬਹੁਤ ਉਮੀਦ ਲਗਾਈ ਬੈਠਾਂ ਹਾਂ, ਤੋਤੇ ਨੇ ਬੜੀ ਹਲੀਮੀ ਨਾਲ ਕਿਹਾ।

– ਮੈਂ ਪਹਿਲਾਂ ਹੀ ਕਹਿ ਚੁੱਕਾ ਹਾਂ ਕਿ ਮੈਂ ਤੇਰੀ ਕੋਈ ਮਦਦ ਨਹੀਂ ਕਰ ਸਕਦਾ।

– ਤੁਸੀਂ ਹੀ ਇਹਨਾਂ ਨੂੰ ਸਮਝਾਉ ਭੈਣ ! ਤੋਤੇ ਦੀਆਂ ਅੱਖਾਂ ਵਿੱਚੋ ਝਰ-ਝਰ ਹੰਝੂ ਵਹਿ ਰਹੇ ਸਨ। ਹੰਝੂਆਂ ਨੂੰ ਵੇਖ ਕੇ ਕਬੂਤਰੀ ਦਾ ਮਨ ਪਿਘਲ ਗਿਆ।

– ਠੀਕ ਹੈ ਤੋਤੇ ਭਰਾ, ਅਸੀਂ ਤੇਰੀ ਮਦਦ ਜ਼ਰੂਰ ਕਰਾਂਗੇ। ਸਾਨੂੰ ਸੋਚਣ ਦਾ ਥੋੜਾ ਸਮਾਂ ਦੇ। – ਕਬੂਤਰੀ ਤੋਂ ਭਰੋਸਾ ਮਿਲਣ ਤੇ ਤੋਤੇ ਦੀ ਜਾਨ ਵਿੱਚ ਜਾਨ ਆਈ।

ਦੂਸਰੇ ਦਿਨ ਕਬੂਤਰੀ ਤੋਤੇ ਦੇ ਪਿੰਜਰੇ ਕੋਲ ਗਈ ਅਤੇ ਕਹਿਣ ਲੱਗੀ – ਤੋਤੇ ਭਰਾ, ਮੈਂ ਤੇਰੇ ਛੁੱਟਣ ਦੀ ਤਰਕੀਬ ਲੱਭ ਲਈ ਹੈ।

– ਮੈਨੂੰ ਤੇਰੇ ਉਤੇ ਵਿਸ਼ਵਾਸ ਸੀ ਭੈਣ, ਤੂੰ ਜ਼ਰੂਰ ਮੇਰੀ ਸਮੱਸਿਆ ਦਾ ਹੱਲ ਲੱਭ ਲਵੇਗੀ। – ਤੋਤੇ ਨੇ ਖੁਸ਼ੀ ਨਾਲ ਉਸ ਵੱਲ ਵੇਖਦੇ ਹੋਏ ਕਿਹਾ।

ਕਬੂਤਰੀ ਨੇ ਤੋਤੇ ਨੂੰ ਇਕ ਤਰਕੀਬ ਦੱਸੀ।

ਇਕ-ਦੋ ਦਿਨ ਤੂੰ ਅੰਨ-ਜਲ ਬਿਲਕੁਲ ਨਹੀਂ ਲੈਣਾ, ਇਕਦਮ ਬੇਜਾਨ ਜਿਹੇ ਪਏ ਰਹਿਣਾ। ਹਵੇਲੀ ਦਾ ਮਾਲਿਕ ਸਮਝੇਗਾ ਕਿ ਤੇਰੀ ਤਬੀਅਤ ਠੀਕ ਨਹੀਂ ਹੈ। ਦੋ ਦਿਨ ਦੇ ਬਾਅਦ ਤੂੰ ਬਿਲਕੁਲ ਬੇਜਾਨ ਮੁਰਦੇ ਦੀ ਤਰ੍ਹਾਂ ਅੱਖਾਂ ਬੰਦ ਕਰਕੇ ਪੈ ਜਾਵੀਂ। ਉਹ ਤੈਨੂੰ ਕਿੰਨਾ ਵੀ ਹਿਲਾਏ-ਡੁਲਾਏ, ਤੂੰ ਬਿਲਕੁਲ ਨਹੀਂ ਹਿਲਣਾ-ਡੁਲਣਾ। ਉਹ ਤੈਨੂੰ ਮਰਿਆ ਸਮਝ ਕੇ ਪਿੰਜਰੇ ਤੋਂ ਬਾਹਰ ਕੱਢੇਗਾ। ਉਸ ਸਮੇਂ ਤੂੰ ਮੌਕਾ ਪਾ ਕੇ ਉਡੱ ਜਾਵੀ।

– ਸ਼ੁਕਰੀਆ ਭੈਣ, ਮੈਂ ਇੰਝ ਹੀ ਕਰਾਂਗਾ।
– ਤੋਤੇ ਨੇ ਕਿਹਾ–



ਤੋਤੇ ਨੇ ਇੰਝ ਹੀ ਕੀਤਾ, ਜਿਵੇਂ ਕਬੂਤਰੀ ਨੇ ਉਹਨੂੰ ਸਮਝਾਇਆ ਸੀ। ਮਨ ਹੀ ਮਨ ਉਹ ਕਬੂਤਰੀ ਦਾ ਧੰਨਵਾਦ ਕਰ ਰਿਹਾ ਸੀ। ਉਸ ਦੀ ਦੱਸੀ ਤਰਕੀਬ ਰਾਹੀਂ ਹੀ ਉਹ ਅੱਜ ਉਸ ਪਿੰਜਰੇ ਦੀ ਕੈਦ ਤੋਂ ਛੁਟਕਾਰਾ ਪਾ ਸਕਿਆ ਸੀ। ਉਹ ਹੁਣ ਆਜ਼ਾਦ ਹੋ ਕੇ ਖੁਲ੍ਹੇ ਆਕਾਸ਼ ਵਿੱਚ ਉਡੱ ਰਿਹਾ ਸੀ। ■

ਪ੍ਰੇਰਕ ਕਹਾਣੀ

# ਮੈਂ ਵੀ ਬਚਤ ਕਰਾਂਗਾ

– ਡਾ. ਦੇਸ਼ਬੰਧੂ



ਛੋਟੂ ਅਤੇ ਮੋਟੂ ਬਾਂਦਰ ਬਹੁਤ ਗਹਿਰੇ ਦੋਸਤ ਸਨ। ਦੋਵੇਂ ਬਹੁਤ ਮਿਹਨਤੀ ਸਨ। ਦਿਨਭਰ ਮਜ਼ਦੂਰੀ ਕਰਕੇ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਕਰਦੇ ਸਨ। ਲੇਕਿਨ ਛੋਟੂ ਦੀ ਇਕ ਆਦਤ ਬਹੁਤ ਬੁਰੀ ਸੀ। ਉਹ ਜਿੰਨੇ ਪੈਸੇ ਕਮਾਉਂਦਾ, ਸਾਰੇ ਦੇ ਸਾਰੇ ਖਰਚ ਕਰ ਦਿੰਦਾ ਸੀ। ਉਸ ਦਾ ਦੋਸਤ ਮੋਟੂ ਉਹਨੂੰ ਸਮਝਾਉਂਦਾ ਕਿ ਸਾਰੀ ਕਮਾਈ ਇੰਝ ਹੀ ਖਰਚ ਕਰ ਦੇਣਾ ਠੀਕ ਨਹੀਂ ਹੈ। ਰੋਜ਼ ਦੀ ਮਜ਼ਦੂਰੀ ਵਿਚੋਂ ਕੁਝ ਰੁਪਏ ਜ਼ਰੂਰ ਬਚਾਉਣੇ ਚਾਹੀਦੇ ਹਨ। ਲੋੜ ਵੇਲੇ ਕੰਮ ਆਉਂਦੇ ਹਨ। ਲੇਕਿਨ ਛੋਟੂ, ਮੋਟੂ ਦੀਆਂ ਗੱਲਾਂ ਇਕ ਕੰਨੋਂ ਸੁਣਦਾ ਅਤੇ ਦੂਸਰੇ ਕੰਨੋਂ ਕੱਢ ਕੇ ਕਹਿੰਦਾ – ਇਹੀ ਤਾਂ ਜ਼ਿੰਦਗੀ ਹੈ ਪਿਆਰੇ! ਖਾਉ, ਪੀਉ ਅਤੇ ਮੌਜ ਕਰੋ। ਬਚਾ-ਬਚਾ ਕੇ ਰੱਖਣ ਨਾਲ ਕੀ ਫਾਇਦਾ? ਜਦ ਤਕ ਹੱਥਾਂ-ਪੈਰਾਂ ਵਿੱਚ ਜਾਨ ਹੈ, ਅਸੀਂ ਜਦ ਤਕ ਚਾਹੀਏ ਅਤੇ ਜਿਨ੍ਹਾਂ ਚਾਹੀਏ ਮਿਹਨਤ ਕਰਕੇ ਕਮਾ ਸਕਦੇ ਹਾਂ। ਛੋਟੂ ਦਾ ਦੋ-ਟੁੱਕ ਉੱਤਰ ਸੁਣ ਕੇ ਮੋਟੂ ਚੁੱਪ ਕਰ ਜਾਂਦਾ।

ਛੋਟੂ ਦੇ ਬੇਟੇ ਪਿੰਕੂ ਦਾ ਜਨਮਦਿਨ ਆਉਣ ਵਾਲਾ ਸੀ। ਘਰ ਦੀ ਸਜਾਵਟ, ਨਵੇਂ ਕਪੜੇ, ਕੇਕ ਅਤੇ ਮਿਠਾਈ ਆਦਿ ਤੇ ਢੇਰ ਸਾਰੇ ਰੁਪਏ ਖਰਚ ਹੋਣੇ ਸਨ। ਇਸ ਲਈ ਛੋਟੂ ਅੱਜ ਸਵੇਰੇ ਜਲਦੀ ਹੀ, ਆਪਣੀ ਛੋਟੀ-ਜਿਹੀ ਪੋਟਲੀ ਵਿੱਚ ਦੁਪਹਿਰ ਦਾ ਖਾਣਾ ਬੰਨ੍ਹ ਕੇ ਕੰਮ ਤੇ ਨਿਕਲ ਪਿਆ। ਹਾਲਾ ਉਹ ਥੋੜੀ ਹੀ ਦੂਰ ਗਿਆ ਸੀ ਕਿ ਅਚਾਨਕ ਉਸਦਾ ਪੈਰ ਸੜਕ ਤੇ ਪਏ ਇਕ ਕੇਲੇ ਦੇ ਛਿਲਕੇ ਤੇ ਪਿਆ ਅਤੇ ਉਹ ਫਿਸਲ ਕੇ ਧੜਾਮ ਕਰਕੇ ਡਿਗ ਪਿਆ। ਸੜਕ ਤੇ ਡਿਗਦੇ ਹੀ ਉਹ ਉੱਠ ਨਾ ਸਕਿਆ। ਰਾਹਗੀਰਾਂ ਨੇ ਉਸਨੂੰ ਡਾਕਟਰ ਰਾਕੀ ਬਾਂਦਰ ਦੇ ਹਸਪਤਾਲ ਪਹੁੰਚਾਇਆ ਅਤੇ ਉਸਦੇ ਪਰਿਵਾਰ ਨੂੰ ਸੂਚਨਾ ਦਿੱਤੀ। ਡਾਕਟਰ ਰਾਕੀ ਨੇ ਦੱਸਿਆ ਕਿ ਪੈਰ ਵਿੱਚ ਫਰੈਕਚਰ ਹੋ ਗਿਆ ਸੀ। ਉਸ ਨੂੰ ਠੀਕ ਕਰਕੇ ਪੈਰ ਬੰਨ੍ਹ ਦਿੱਤਾ ਗਿਆ ਹੈ।

ਇਹ ਸੁਣਦੇ ਹੀ ਛੋਟੂ ਦੇ ਹੋਸ਼ ਉਡੱ ਗਏ। ਉਸ ਨੇ ਘਬਰਾ ਕੇ ਪੁੱਛਿਆ - ਇੰਝ ਕਿੰਨੇ ਦਿਨ ਰਹਿਣਾ ਪਏਗਾ ਡਾਕਟਰ ਸਾਹਿਬ?

- ਤੁਹਾਨੂੰ ਠੀਕ ਹੋਣ ਵਿੱਚ ਘਟੋ-ਘੱਟ ਦੋ ਮਹੀਨੇ ਲੱਗ ਜਾਣਗੇ। - ਡਾਕਟਰ ਨੇ ਦੱਸਿਆ।

ਦੋ ਮਹੀਨੇ ...?- ਛੋਟੂ ਲਗਭਗ ਚੀਖਦਾ ਹੋਇਆ ਬੋਲਿਆ- ਐਨੇ ਦਿਨਾਂ ਵਿੱਚ ਤਾਂ ਦਵਾਈ ਤੇ ਬਹੁਤ ਪੈਸਾ ਲਗ ਜਾਵੇਗਾ.....। ਫਿਰ ਪਿੰਕੂ ਦਾ ਜਨਮ ਦਿਨ ਵੀ ਬਿਨਾ ਪੈਸਿਆਂ ਦੇ ਕਿਵੇਂ ਮਨਾ ਸਕਾਂਗਾ?

ਤਦ ਉਸ ਨੂੰ ਧਿਆਨ ਆਇਆ ਕਿ ਉਸਦੇ ਕੋਲ ਤਾਂ ਪੈਸੇ ਵੀ ਨਹੀਂ ਹਨ। ਫਿਰ ਉਹ ਦਵਾਈਆਂ ਅਤੇ ਘਰ ਦਾ ਖਰਚਾ ਕਿਵੇਂ ਚਲਾਏਗਾ? ਦੋ ਮਹੀਨੇ ਤਕ ਉਹ ਬਿਸਤਰ ਤੋਂ ਵੀ ਨਹੀਂ ਉਠ ਸਕਦਾ, ਫਿਰ ਕੰਮ ਕਿਵੇਂ ਕਰੇਗਾ? ਅਗਰ ਕੰਮ ਨਹੀਂ ਕਰੇਗਾ ਤਾਂ ਪੈਸੇ ਕਿਥੋਂ ਆਉਣਗੇ?

ਉਹਨੂੰ ਹੁਣ ਮੋਟੂ ਰਾਹੀਂ ਆਖੀਆਂ ਗਈਆਂ ਗੱਲਾਂ ਯਾਦ ਆ ਰਹੀਆਂ ਸਨ। ਅਗਰ ਉਹ ਉਸ ਦੀਆਂ ਗੱਲਾਂ ਮੰਨ ਕੇ ਰੋਜ਼ ਥੋੜੇ-ਥੋੜੇ ਪੈਸਿਆਂ ਦੀ ਬਚਤ ਕਰਦਾ ਤਾਂ ਇਸ ਸਮੇਂ ਉਹਨੂੰ ਕੋਈ ਪ੍ਰੇਸ਼ਾਨੀ ਨਹੀਂ ਹੁੰਦੀ। ਇਹ ਸੋਚ ਕੇ ਉਸ ਦੀਆਂ ਅੱਖਾਂ ਵਿੱਚ ਹੰਝੂ ਭਰ ਆਏ। ਭਰੇ ਗਲੇ ਨਾਲ ਉਹ ਡਾਕਟਰ ਰਾਕੀ ਨੂੰ ਬੋਲਿਆ - ਆਪ ਨੂੰ ਦੇਣ ਲਈ ਮੇਰੇ ਕੋਲ ਇਸ ਵਕਤ ਪੈਸੇ ਨਹੀਂ ਹਨ, ਲੇਕਿਨ ਆਪ ਚਿੰਤਾ ਨਹੀਂ ਕਰੋ। ਜਦ ਮੈਂ ਠੀਕ ਹੋ ਜਾਵਾਂਗਾ, ਤਾਂ ਆਪ ਦੇ ਸਾਰੇ ਪੈਸੇ ਚੁਕਾ ਦੇਵਾਂਗਾ।

- ਤੁਹਾਨੂੰ ਇਸ ਦੀ ਚਿੰਤਾ ਕਰਨ ਦੀ ਲੋੜ ਨਹੀਂ ਹੈ। ਤੁਸੀਂ ਬਸ ਆਰਾਮ ਕਰੋ। - ਅਚਾਨਕ ਮੋਟੂ ਬਾਂਦਰ ਕਮਰੇ ਵਿੱਚ ਵੜਦੇ ਹੋਏ ਬੋਲਿਆ - ਤੁਹਾਡੇ ਅਪਰੇਸ਼ਨ ਅਤੇ ਦਵਾਈਆਂ ਦੇ ਪੈਸੇ ਮੈਂ ਡਾਕਟਰ ਸਾਹਿਬ ਨੂੰ ਦੇ ਦਿੱਤੇ ਹਨ ਅਤੇ ਪਿੰਕੂ ਦਾ ਜਨਮ ਦਿਨ ਤਾਂ ਤੁਹਾਡਾ ਇਹ ਮੋਟੂ ਮਿੱਤਰ ਆਪਣੇ ਛੋਟੂ ਭਾਈ ਦੇ ਨਾਲ ਹੀ ਮਨਾਏਗਾ।

ਮੋਟੂ ਦੀ ਗੱਲ ਸੁਣ ਕੇ ਛੋਟੂ ਹੌਲੀ ਜਿਹੇ ਬੋਲਿਆ - ਠੀਕ ਹੀ ਕਿਹਾ ਗਿਆ ਹੈ, ਜੋ ਬਿਪਤਾ ਵਿੱਚ ਸਾਥ ਦਏ, ਉਹੀ ਸੱਚਾ ਦੋਸਤ ਹੈ। ਲੇਕਿਨ ਮੈਂ ਤੁਹਾਡਾ ਇਹ ਅਹਿਸਾਨ ਕਦੇ ਨਹੀਂ ਚੁਕਾ ਸਕਾਂਗਾ ਦੋਸਤ!

- ਅਹਿਸਾਨ ਤਾਂ ਚੁਕਾਉਣਾ ਹੀ ਪਏਗਾ ਪਿਆਰੇ! ਇਹਨਾਂ ਪੈਸਿਆਂ ਦੇ ਬਦਲੇ ਮੈਂ ਜੋ ਮੰਗਾਂ ਉਹ ਦੇਣਾ ਪਏਗਾ।- ਮੋਟੂ ਮੁਸਕਰਾਉਂਦੇ ਹੋਏ ਬੋਲਿਆ।

ਉਸ ਦੀ ਗੱਲ ਸੁਣ ਕੇ ਛੋਟੂ ਨੇ ਕਿਹਾ - ਤੁਸੀਂ ਜੋ ਵੀ ਮੰਗੋਗੇ, ਮੈਂ ਉਹ ਸਭ ਦੇਵਾਂਗਾ, ਲੇਕਿਨ ਹਾਲਾਂ ਤਾਂ ਮੈਂ ਲਾਚਾਰ ਹਾਂ।

- ਲੇਕਿਨ ਮੈਨੂੰ ਜੋ ਚਾਹੀਦਾ ਹੈ ਉਹ ਤਾਂ ਹੁਣ ਵੀ ਤੇਰੇ ਕੋਲ ਹੈ। ਤੂੰ ਚਾਹੇ ਤਾਂ ਹੁਣੇ ਦੇ ਸਕਦਾ ਹੈ। - ਮੋਟੂ ਹੱਸਦੇ ਹੋਏ ਬੋਲਿਆ।

ਉਸ ਦੀ ਗੱਲ ਸੁਣ ਕੇ ਛੋਟੂ ਨੂੰ ਬਹੁਤ ਹੈਰਾਨੀ ਹੋਈ। ਉਸ ਦੀ ਸਮਝ ਵਿੱਚ ਨਹੀਂ ਆ ਰਿਹਾ ਸੀ ਕਿ ਉਸ ਦੇ ਕੋਲ ਅਜਿਹਾ ਕੀ ਹੈ ਜੋ ਮੋਟੂ ਲੈਣਾ ਚਾਹੁੰਦਾ ਹੈ।

ਮੇਰੇ ਕੋਲ ਅਸਲ ਵਿੱਚ ਕੁਝ ਵੀ ਨਹੀਂ ਹੈ ਮੇਰੇ ਭਾਈ। ਫਿਰ ਵੀ ਅਗਰ ਤੁਹਾਨੂੰ ਲੱਗਦਾ ਹੈ ਕਿ ਮੇਰੇ ਕੋਲ ਤੁਹਾਨੂੰ ਦੇਣ ਲਾਇਕ ਕੁਝ ਹੈ ਤਾ ਤੁਸੀਂ ਬੜੇ ਸ਼ੌਂਕ ਨਾਲ ਲੈ ਸਕਦੇ ਹੋ।- ਛੋਟੂ ਨੇ ਕਿਹਾ।

- ਤਾਂ ਫਿਰ ਇਕ ਵਚਨ ਦਿਉ ਕਿ ਠੀਕ ਹੋਣ ਦੇ ਬਾਅਦ ਤੁਸੀਂ ਵੀ ਰੋਜ਼ ਦੀ ਕਮਾਈ ਵਿਚੋਂ ਕੁਝ ਬਚਾਉਗੇ। ਰੋਜ਼ ਦੀ ਕੀਤੀ ਗਈ ਛੋਟੀ-ਜਿਹੀ ਬਚਤ ਕਿਸੇ ਵੀ ਸਮੇਂ ਆਉਣ ਵਾਲੀ ਵੱਡੀ ਤੋਂ ਵੱਡੀ ਬਿਪਤਾ ਵਿੱਚ ਵੀ ਬਹੁਤ ਸਾਥ ਨਿਭਾਉਂਦੀ ਹੈ। ਇਹ ਉਸ ਬਚਤ ਦਾ ਹੀ ਨਤੀਜਾ ਹੈ, ਜੋ ਅੱਜ ਮੈਂ ਡਾਕਟਰ ਦੀ ਫੀਸ ਅਤੇ ਦਵਾਈ ਦੇ ਪੈਸੇ ਦੇ ਸਕਿਆ। ਅਗਰ ਮੈਂ ਵੀ ਆਪਣੀ ਸਾਰੀ ਕਮਾਈ ਤੁਹਾਡੇ ਵਾਂਗ ਹੀ ਉਡਾ ਦੇਂਦਾ ਤਾਂ ਸ਼ਾਇਦ ਤੁਹਾਡਾ ਇਲਾਜ ਸੰਭਵ ਨਹੀਂ ਹੋ ਸਕਦਾ।

- ਇਸ ਦੁਰਘਟਨਾ ਨੇ ਸਚਮੁਚ ਮੇਰੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ ਮੋਟੂ। ਮੈਂ ਸਮਝ ਗਿਆ ਹਾਂ ਕਿ ਬਚਤ ਕਰਨਾ ਕਿੰਨਾ ਜ਼ਰੂਰੀ ਹੈ। ਮੈਂ ਤੁਹਾਨੂੰ ਵਚਨ ਦਿੰਦਾ ਹਾਂ ਕਿ ਹੁਣ ਮੈਂ ਵੀ ਆਪਣੀ ਰੋਜ਼ ਦੀ ਕਮਾਈ ਵਿਚੋਂ ਥੋੜੀ ਬਚਤ ਜ਼ਰੂਰ ਕਰਾਂਗਾ। - ਛੋਟੂ ਨੇ ਮੋਟੂ ਵੱਲ ਵੇਖ ਕੇ ਕਿਹਾ। ਛੋਟੂ ਦੀ ਗੱਲ ਸੁਣ ਕੇ ਮੋਟੂ ਦੇ ਚਿਹਰੇ ਤੇ ਮੁਸਕਾਨ ਫੈਲ ਗਈ। ਮੋਟੂ ਨੂੰ ਮੁਸਕਰਾਉਂਦੇ ਵੇਖ ਕੇ ਛੋਟੂ ਵੀ ਹੌਲੀ ਜਿਹੇ ਮੁਸਕਰਾ ਉਠਿਆ। ■



# ਕਲਮ ਬਣਾਵੇ ਮਾਨਵਤਾ

– ਬਲਵਿੰਦਰ 'ਬਾਲਮ'

ਇਸ ਚੋਂ ਅੱਖਰ ਬਣਦੇ ਨੇ।
ਅਰਥਾਂ ਦੇ ਸਾਂਚੇ ਢਲਦੇ ਨੇ।
ਪ੍ਰਗਟ ਹੋਵੇ ਸਿਰਜਨਤਾ।
ਕਲਮ ਬਣਾਵੇ ਮਾਨਵਤਾ।

ਪੁਸਤਕ ਚੋਂ ਸੰਦੇਸ਼ ਮਿਲੇ।
ਜੀਵਨ ਦਾ ਹਰ ਫੁੱਲ ਖਿੜੇ।
ਸਤਯਮ-ਸ਼ਿਵਮ-ਸੁੰਦਰਤਾ।
ਕਲਮ ਬਣਾਵੇ ਮਾਨਵਤਾ।

ਖੋਜਾਂ ਚੋਂ ਵਿਗਿਆਨ ਬਣੇ।
ਮਨ-ਮੰਦਿਰ ਭਗਵਾਨ ਬਣੇ।
ਗਿਆਨ 'ਚ ਆਏ ਪੂਰਨਤਾ।
ਕਲਮ ਬਣਾਵੇ ਮਾਨਵਤਾ।

ਧਰਮਾਂ ਦੇ ਗ੍ਰੰਥ ਸਿਰਜੇ।
ਇੱਕ ਅਲੌਕਿਕ ਬਾਣੀ ਉਪਜੇ।
ਮਨ ਅੰਦਰ ਅਧਿਆਤਮਤਾ।
ਕਲਮ ਬਣਾਵੇ ਮਾਨਵਤਾ।


ਸ਼ਕਤੀ ਦੇਵੇ ਉਲਫਤ ਵਿੱਚ।
ਭਗਤੀ ਦੇਵੇ ਮਸਤਕ ਵਿੱਚ।
ਕਰਦੀ ਵਾਸ ਇਕਾਗਰਤਾ।
ਕਲਮ ਬਣਾਵੇ ਮਾਨਵਤਾ।

ਮਾਂ ਦੇ ਵਾਂਗ ਪਵਿੱਤਰ ਹੈ।
'ਬਾਲਮ' ਸੁੱਚਾ ਮੰਦਿਰ ਹੈ।
ਭਾਸ਼ਾਵਾਂ ਦਾ ਗੁਲਦਸਤਾ।
ਕਲਮ ਬਣਾਵੇ ਮਾਨਵਤਾ।



# ਹਰ ਬੱਚੇ ਦੇ 'ਚਾਚਾ ਨਹਿਰੂ'

– ਮਨਮੋਹਨ ਬਾਵਾ



ਪੰਡਿਤ ਜਵਾਹਰ ਲਾਲ ਨਹਿਰੂ ਸਾਡੇ ਦੇਸ਼ ਦੇ ਪਹਿਲੇ ਪ੍ਰਧਾਨਮੰਤਰੀ ਸਨ। ਉਹ ਇਕ ਮਹਾਨ ਕਵੀ ਵੀ ਸਨ। ਛੋਟੇ-ਛੋਟੇ ਬੱਚਿਆਂ ਨੂੰ ਤਾਂ ਉਹ ਇਨ੍ਹਾਂ ਪਿਆਰ ਕਰਦੇ ਸਨ ਕਿ ਆਪਣਾ ਜਨਮਦਿਨ ਹੀ ਬੱਚਿਆਂ ਦੇ ਨਾਮ ਕਰ ਦਿੱਤਾ। ਇਸ ਦਾ ਮਤਲਬ ਹੈ ਕਿ ਮੈਨੂੰ ਯਾਦ ਕਰੋ ਭਾਵੇਂ ਨਾ ਕਰੋ ਪਰ ਮੇਰੇ ਦੇਸ਼ ਦੇ ਬੱਚਿਆਂ ਨੂੰ ਹਮੇਸ਼ਾ ਪਿਆਰ ਕਰਦੇ ਰਹੋ। ਇਸ ਲਈ ਉਹਨਾਂ ਦਾ ਜਨਮਦਿਨ 14 ਨਵੰਬਰ ਨੂੰ ਬਾਲ ਦਿਵਸ ਦੇ ਰੂਪ ਵਿਚ ਹਰ ਸਾਲ ਮਨਾਇਆ ਜਾਂਦਾ ਹੈ। ਬੱਚੇ ਵੀ ਪਿਆਰ ਨਾਲ ਉਹਨਾਂ ਨੂੰ ਚਾਚਾ ਨਹਿਰੂ ਹੀ ਕਹਿੰਦੇ ਸਨ। ਚਾਚਾ ਨਹਿਰੂ ਜੀ ਵੀ ਬੱਚਿਆਂ ਬਾਰੇ ਕਹਿੰਦੇ ਸਨ :

''ਬੱਚੇ ਇਕ ਬਗੀਚੇ ਦੀ ਕਲੀ ਵਾਂਗ ਹੁੰਦੇ ਹਨ। ਇਹ ਅੱਜ ਦੇ ਬੱਚੇ ਹੀ ਕੱਲ ਨੂੰ ਮੇਰੇ ਭਾਰਤ ਦੇਸ਼ ਦਾ ਸਰਵਪੱਖੀ ਵਿਕਾਸ ਕਰਦੇ ਹੋਏ ਤਰੱਕੀ ਕਰਦੇ ਜਾਣਗੇ।''

14 ਨਵੰਬਰ ਬੱਚਿਆਂ ਦੀ ਦੇਖਭਾਲ ਅਤੇ ਸਿੱਖਿਆ ਦੇਣ ਲਈ ਸਾਡੇ ਭਾਰਤ ਦੇਸ਼ ਦੇ ਲੋਕਾਂ ਅੰਦਰ ਜਾਗ੍ਰਤੀ ਪੈਦਾ ਕਰਦਾ ਹੈ। ਇਹ ਛੋਟੇ-ਛੋਟੇ ਬੱਚੇ ਹੀ ਦੇਸ਼ ਦੇ ਵਿਕਾਸ ਦੀ ਕੁੰਜੀ ਹਨ। ਇਹ ਕੁੰਜੀ ਪਰਮਾਤਮਾ ਦੁਆਰਾ ਮਾਤਾ-ਪਿਤਾ ਨੂੰ ਦਿੱਤਾ ਗਿਆ ਇਕ ਅਨਮੋਲ ਤੋਹਫਾ ਹੈ। ਇਸ ਸੰਸਾਰ ਰੂਪੀ ਬਗੀਚੇ ਵਿਚ ਬੱਚੇ ਰੂਪੀ ਕਲੀਆਂ ਦੀ ਦੇਖਭਾਲ ਇਹਨਾਂ ਦਾ ਪਾਲਣ ਪੋਸ਼ਣ ਕਰਨਾ ਅਤੇ ਇਹਨਾਂ ਨੂੰ ਸਹੀ ਦਿਸ਼ਾ ਦੇਣਾ ਬਹੁਤ ਜ਼ਰੂਰੀ ਹੈ।

ਅੰਗਰੇਜ਼ਾਂ ਦੀ ਗੁਲਾਮੀ ਤੋਂ ਛੁਟਕਾਰਾ ਪਾ ਕੇ 15 ਅਗਸਤ 1947 ਨੂੰ ਭਾਰਤ ਆਜ਼ਾਦ ਹੋਇਆ ਤਾਂ ਸਾਡੇ ਦੇਸ਼ ਦੇ ਬਜ਼ੁਰਗਾਂ ਨੇ ਆਜ਼ਾਦ ਹਿੰਦੁਸਤਾਨ ਦੇ ਸਰਵਪੱਖੀ ਵਿਕਾਸ ਦੇ ਸੁਪਨੇ ਵੇਖੇ ਸਨ ਜੋ ਕਿ ਬੱਚਿਆਂ ਦੁਆਰਾ ਹੀ ਸਾਕਾਰ ਹੋ ਸਕਦੇ ਹਨ।

ਅੱਜ ਸਿਰਫ ਭਾਰਤ ਨੂੰ ਹੀ ਨਹੀ ਸਗੋਂ ਪੂਰੇ ਵਿਸ਼ਵ ਨੂੰ ਪ੍ਰੇਮ ਅਤੇ ਭਾਈਚਾਰੇ ਦੀ ਜ਼ਰੂਰਤ ਹੈ। ਇਸ ਲਈ ਹਰ ਮਨੁੱਖ ਦੀ ਜ਼ਿੰਮੇਵਾਰੀ ਹੈ ਕਿ ਬੱਚਿਆਂ ਨੂੰ ਬੜੇ ਪ੍ਰੇਮ-ਪੂਰਵਕ ਨੈਤਿਕ ਅਤੇ ਮੌਲਿਕ ਸਿਖਿਆ ਦੇਵੇ। ਇਸ ਲਈ 14 ਨਵੰਬਰ ਨੂੰ ਸਕੂਲਾਂ ਅਤੇ ਕਾਲਿਜਾਂ ਵਿਚ ਸਭਿਆਚਾਰਕ ਪ੍ਰੋਗਰਾਮ ਕੀਤੇ ਵੀ ਜਾਂਦੇ ਹਨ। ਇਸ ਦਿਨ ਬੱਚਿਆਂ ਨੂੰ ਉਹਨਾਂ ਦੇ ਮਨਪਸੰਦ ਤੋਹਫੇ ਵੀ ਦੇਣੇ ਚਾਹੀਦੇ ਹਨ ਪਰੰਤੂ ਸਭ ਤੋਂ ਅਨਮੋਲ ਤੋਹਫਾ ਬੱਚਿਆਂ ਲਈ ਸਿੱਖਿਆ ਹੈ।

''ਜੇਕਰ ਹਰ ਇਕ ਬੱਚਾ ਪੜੇਗਾ।
ਤਾਂ ਹੀ ਭਾਰਤ ਤਰੱਕੀ ਕਰੇਗਾ।''

# ਵਿਗਿਆਨ ਪ੍ਰਸ਼ਨੋਤਰੀ

❑ ਘਮੰਡੀਲਾਲ ਅਗਰਵਾਲ

**ਪ੍ਰਸ਼ਨ :** ਨਰ ਚਿੜੀ ਦਾ ਰੰਗ ਮਾਦਾ ਚਿੜੀ ਤੋਂ ਚਮਕੀਲਾ ਕਿਉਂ ਹੁੰਦਾ ਹੈ?

**ਉੱਤਰ :** ਜਦ ਹਵਾ ਤੇਜ਼ ਹੋਵੇ ਤਾਂ ਨਰ ਚਿੜੀ ਅਕਸਰ ਰੁੱਖਾਂ ਉਤੇ ਬੈਠ ਜਾਂਦੀ ਹੈ। ਉਸ ਦੇ ਦੁਸ਼ਮਣਾਂ ਤੋਂ ਬਚਾਉਣ ਵਾਸਤੇ ਕੁਦਰਤ ਨੇ ਉਸ ਨੂੰ ਚਮਕੀਲੇ ਰੰਗ ਪ੍ਰਦਾਨ ਕੀਤੇ ਹਨ। ਦੂਸਰਾ ਕਾਰਨ ਇਹ ਹੈ ਕਿ ਮਾਦਾ ਚਿੜੀ ਨੂੰ ਆਪਣੇ ਵਲ ਆਕ੍ਰਸ਼ਿਤ ਕਰਨ ਵਿੱਚ ਵੀ ਨਰ ਚਿੜੀ ਦਾ ਚਟਕੀਲਾ ਰੰਗ ਸਹਾਇਕ ਹੁੰਦਾ ਹੈ।

**ਪ੍ਰਸ਼ਨ :** ਪਾਲਿਸ਼ ਦੀ ਡਿੱਬੀ ਵਿੱਚ ਚਮਕਦਰ ਕਾਗਜ਼ ਕਿਉਂ ਹੁੰਦਾ ਹੈ?

**ਉੱਤਰ :** ਬੱਚਿਉ! ਤੁਸੀਂ ਅਕਸਰ ਮੋਚੀ ਕੋਲੋ ਆਪਣੇ ਬੂਟਾਂ ਨੂੰ ਪਾਲਿਸ਼ ਕਰਵਾਈ ਹੋਵੇਗੀ। ਪਾਲਿਸ਼ ਦੀ ਡਿੱਬੀ ਵਿੱਚ ਚਮਕਦਾਰ ਸਫੇਦ ਕਾਗਜ ਰੱਖਿਆ ਹੁੰਦਾ ਹੈ। ਅਸਲ ਵਿੱਚ ਪਾਲਿਸ਼ ਦੀ ਡਿੱਬੀ ਅੰਦਰ ਮੌਜੂਦ ਪਦਾਰਥ ਦੀ ਨਮੀ ਨੂੰ ਬਰਕਰਾਰ ਰੱਖਣ ਲਈ ਹੀ ਇੰਝ ਕੀਤਾ ਜਾਂਦਾ ਹੈ। ਜੇਕਰ ਕਾਗਜ ਨਾ ਰੱਖਿਆ ਜਾਵੇ ਤਾਂ ਬਾਰ-ਬਾਰ ਖੋਲ੍ਹਣ ਨਾਲ ਪਾਲਿਸ਼ ਦੀ ਡਿੱਬੀ ਦਾ ਪਦਾਰਥ ਸੁੱਕ ਜਾਂਦਾ ਹੈ। ਇਸ ਲਈ ਪਾਲਿਸ਼ ਨੂੰ ਕਾਇਮ ਰੱਖਣ ਲਈ ਹੀ ਅੰਦਰ ਚਮਕਦਾਰ ਕਾਗਜ ਰੱਖਿਆ ਜਾਂਦਾ ਹੈ।

**ਪ੍ਰਸ਼ਨ :** ਅਲਮੀਨੀਅਮ ਦੇ ਬਰਤਨ ਨੁਕਸਾਨਦੇਹ ਕਿਉਂ ਹੁੰਦੇ ਹਨ?

**ਉੱਤਰ :** ਆਮ ਤੌਰ ਤੇ ਰਸੋਈ ਘਰ ਵਿੱਚ ਵਰਤੇ ਜਾਣ ਵਾਲੇ ਅਲਮੀਨੀਅਮ ਦੇ ਬਰਤਨਾਂ ਵਿੱਚ ਭੋਜਨ ਪਕਾਉਣਾ ਹਾਨੀਕਾਰਕ ਸਾਬਿਤ ਹੋ ਸਕਦਾ ਹੈ ਕਿਉਂਕਿ ਅਮਰੀਕਾ ਦੇ ਨੈਸ਼ਨਲ ਕੈਮੀਕਲ ਰਿਸਰਚ ਇੰਸਿਟੀਚਿਊਟ ਦੇ ਅਨੁਸਾਰ ਐਲਮੀਨੀਅਮ ਪੇਟ ਵਾਸਤੇ ਹਾਨੀਕਾਰਕ ਹੈ। ਅਸਲ ਵਿੱਚ ਅਲਮੀਨੀਅਮ ਦੇ ਬਰਤਨ ਵਿੱਚ ਭੋਜਨ ਪਕਾਉਣ ਨਾਲ ਉਸ ਦੇ ਕੁਝ ਅੰਸ਼ ਘੁਲ ਕੇ ਸਰੀਰ ਵਿੱਚ ਚਲੇ ਜਾਂਦੇ ਹਨ। ਇਹ ਅੰਸ਼ ਇਕ ਪ੍ਰਕਾਰ ਦਾ ਜਹਿਰ ਹੁੰਦਾ ਹੈ ਜਿਸ ਦਾ ਸਾਡੇ ਸਰੀਰ ਦੀ ਪਾਚਨ ਕ੍ਰਿਆ ਤੇ ਬੁਰਾ ਪ੍ਰਭਾਵ ਪੈਂਦਾ ਹੈ।

**ਪ੍ਰਸ਼ਨ :** ਬਸ ਵਿੱਚ ਕਿਸੇ-ਕਿਸੇ ਨੂੰ ਤੇਲ ਕਿਉਂ ਚੜਦਾ ਹੈ?


**ਉੱਤਰ :** ਕੰਨ ਦਾ ਅੰਦਰੂਨੀ ਭਾਗ ਸੰਤੁਲਿਨ ਬਣਾ ਕੇ ਰੱਖਣ ਨਾਲ ਸੰਬੰਧ ਰੱਖਦਾ ਹੈ। ਇਸ ਦੀਆਂ ਕੋਸ਼ਿਕਾਵਾਂ ਵਿੱਚ ਤਰਲ ਪਦਾਰਥ ਭਰਿਆ ਰਹਿੰਦਾ ਹੈ। ਜਦ ਕਿਸੇ ਦੇ ਕੰਨ ਦਾ ਸੰਤੁਲਿਨ ਵਿਗੜ ਜਾਂਦਾ ਹੈ ਤਾਂ ਉਸ ਨੂੰ ਬਸ ਵਿੱਚ ਯਾਤਰਾ ਕਰਦੇ ਸਮੇਂ ਤੇਲ ਚੜਨ ਦੀ ਸ਼ਿਕਾਇਤ ਰਹਿੰਦੀ ਹੈ। ■

# ਇੱਕ ਅਨੋਖਾ ਜੀਵ – ਬੀਵਰ

– ਪ੍ਰਿਤਪਾਲ ਸਾਦਿਕ

ਜੰਤੂਆਂ ਦੀ ਦੁਨੀਆਂ ਵਿੱਚ ਬੀਵਰ ਵਰਗਾ ਕਾਰਜ-ਕੁਸ਼ਲ ਅਤੇ ਸੂਝਬੂਝ ਰੱਖਣ ਵਾਲਾ ਪ੍ਰਾਣੀ ਸ਼ਾਇਦ ਹੀ ਕੋਈ ਹੋਵੇ। ਉੱਤਰੀ ਅਮਰੀਕਾ ਮਹਾਂਦੀਪ ਦੇ ਠੰਡੇ ਖੇਤਰਾਂ ਵਿੱਚ ਮਿਲਣ ਵਾਲਾ ਬੀਵਰ, ਜੰਤੂ ਜਗਤ ਦਾ 'ਇੰਜੀਨੀਅਰ' ਕਿਹਾ ਜਾ ਸਕਦਾ ਹੈ।

ਪਾਣੀ ਵਿੱਚ ਰਹਿਣ ਵਾਲਾ ਹੈ 'ਬੀਵਰ'। ਇਹ ਜ਼ਿਆਦਾਤਰ ਤਾਂ ਪਾਣੀ ਵਿੱਚ ਰਹਿੰਦਾ ਹੈ, ਲੇਕਿਨ ਜ਼ਮੀਨ ਤੇ ਵੀ ਆਪਣਾ ਕੰਮ ਕਰਦਾ ਹੈ ਅਤੇ ਭੋਜਨ ਖਾਂਦਾ ਹੈ। ਇਸ ਦੇ ਦੰਦ ਬਹੁਤ ਮਜ਼ਬੂਤ ਹੁੰਦੇ ਹਨ। ਇਹਨਾਂ ਦੰਦਾਂ ਵਿੱਚ ਮੌਜੂਦ ਏਨੈਮਲ ਚਾਕੂ ਦੀ ਧਾਰ ਦੇ ਬਰਾਬਰ ਤੇਜ਼ ਹੁੰਦਾ ਹੈ। ਜਿਸ ਦੇ ਰਾਹੀਂ ਇਹ ਭੋਜਨ ਨੂੰ ਕੁਤਰਨ ਦਾ ਕੰਮ ਕਰਦਾ ਹੈ। ਇਸ ਦੀ ਪੂਛ ਲੰਮੀ, ਚੱਪਟੀ ਅਤੇ ਪੰਛੀ ਦੇ ਵਾਂਗ



ਹੁੰਦੀ ਹੈ ਅਤੇ ਇੱਕ ਪਤਵਾਰ ਦਾ ਕੰਮ ਕਰਦੀ ਹੈ। ਪੈਰਾਂ ਵਿੱਚ ਪੰਜ-ਪੰਜ ਉਂਗਲੀਆਂ ਹੁੰਦੀਆਂ ਹਨ ਅਤੇ ਉਂਗਲੀਆਂ ਤੇ ਨਾਖੁਨ ਹੁੰਦੇ ਹਨ। ਪਿਛਲੇ ਪੈਰਾਂ ਦੀਆਂ ਉਂਗਲੀਆਂ ਵਿੱਚ ਜਾਲ ਵੀ ਹੁੰਦਾ ਹੈ।

ਬੀਵਰ ਦੇ ਸਰੀਰ ਦੀ ਲੰਬਾਈ ਸਿਰ ਤੋਂ ਪੂਛ ਤੱਕ ਇੱਕ ਮੀਟਰ ਹੁੰਦੀ ਹੈ। ਪੂਛ ਚੌੜੀ ਅਤੇ ਚਪਟੀ ਅਤੇ ਮੱਥਾ ਗੋਲ ਹੁੰਦਾ ਹੈ। ਸਿਰ ਅਤੇ ਮੂੰਹ ਦਾ ਹਿੱਸਾ ਬੇਡੌਲ ਦਿਸਦਾ ਹੈ। ਅਕਸਰ ਜਲ ਵਿੱਚ ਰਹਿਣ ਦੇ ਕਾਰਣ ਹੱਥ ਅਤੇ ਪੈਰਾਂ ਦੇ ਪੰਜੇ ਦੀਆਂ ਉਂਗਲੀਆਂ ਬਤਖ ਦੇ ਪੰਜਿਆਂ ਦੀ ਤਰ੍ਹਾਂ ਖਲ ਦੀ ਝਿੱਲੀ ਨਾਲ ਜੁੜੀਆਂ ਹੁੰਦੀਆਂ ਹਨ। ਬੁਲ੍ਹ ਵਿਚੋਂ ਕੱਟਿਆ ਹੁੰਦਾ ਹੈ। ਸਰੀਰ ਮੁਲਾਇਮ ਮਵਾਲਾਂ ਵਾਲੀ ਖੱਲ ਨਾਲ ਢੱਕਿਆ ਰਹਿੰਦਾ ਹੈ। ਪਿੱਠ ਦੇ ਵਾਲ ਗੂੜੇ ਭੂਰੇ ਅਤੇ ਚਮਕਦਾਰ ਹੁੰਦੇ ਹਨ। ਖੱਲ ਦੀ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਉਹ ਪਾਣੀ ਵਿੱਚ ਗੋਤਾ ਲਗਾਉਣ ਤੇ ਵੀ ਭਿੱਜਦੀ ਨਹੀਂ। ਮੁਲਾਇਮ ਵਾਲਾ ਵਾਲੀ ਖੱਲ ਠੰਡ ਤੋਂ ਵੀ ਰਾਖੀ ਕਰਦੀ ਹੈ।

ਬੀਵਰ ਦੀ ਖੁੱਡ ਨਦੀਆਂ, ਝੀਲਾਂ ਦੇ ਕਿਨਾਰੇ ਹੁੰਦੀ ਹੈ। ਖੁੱਡ ਵਿੱਚ ਬੀਵਰ ਦੇ ਰਹਿਣ ਅਤੇ ਸੌਣ ਲਈ ਕਾਫੀ ਸਥਾਨ ਹੁੰਦਾ ਹੈ। ਉਸਦਾ ਨਿਵਾਸ ਸਥਾਨ ਸਾਫ਼-ਸੁਥਰਾ ਹੁੰਦਾ ਹੈ। ਉਸ ਨੂੰ ਸਾਫ਼-ਸੁਥਰਾ ਰੱਖਣ ਲਈ ਬੀਵਰ ਯਤਨ ਵੀ ਕਰਦਾ ਹੈ। ਖੁੱਡ ਦੇ ਦੋ ਮੂੰਹ ਹੁੰਦੇ ਹਨ- ਇੱਕ ਪਾਣੀ ਦੇ ਅੰਦਰ ਅਤੇ ਦੂਸਰਾ ਪਾਣੀ ਦੇ ਬਾਹਰ। ਕਿਸੇ ਮੁਸੀਬਤ ਦੇ ਵਕਤ ਪਾਣੀ ਦੇ ਅੰਦਰ ਵਾਲੇ ਮੂੰਹ ਰਾਹੀਂ ਭੱਜ ਨਿਕਲਦਾ ਹੈ।

ਨਦੀਆਂ ਵਿੱਚ ਜਦ ਬਰਫ ਜੰਮ ਜਾਣ ਨਾਲ ਪਾਣੀ ਦਾ ਪ੍ਰਵਾਹ ਘੱਟ ਹੋ ਜਾਂਦਾ ਹੈ ਤਾਂ ਬੀਵਰ ਦੀ ਖੁੱਡ ਦਾ ਪਾਣੀ ਵਾਲਾ ਗੇਟ ਖੁਲ੍ਹ ਜਾਂਦਾ ਹੈ। ਅਜਿਹੀ ਦਸ਼ਾ ਵਿੱਚ, ਇਸ ਨੂੰ ਪਾਣੀ ਦੇ ਅੰਦਰ ਹੀ



ਰੱਖਣ ਲਈ ਬੀਵਰ ਨਦੀ ਦੀ ਧਾਰਾ ਵਿੱਚ ਬੰਨ੍ਹ ਬਣਾ ਕੇ ਪਾਣੀ ਦਾ ਪੱਧਰ ਉਚਾ ਕਰ ਲੈਂਦਾ ਹੈ। ਬੰਨ੍ਹ ਬਣਾਉਣ ਦੀ ਕਲਾ ਹੀ ਬੀਵਰ ਦੀ ਅਨੋਖੀ ਬੁੱਧੀ ਦੀ ਪਛਾਣ ਕਰਾਉਂਦੀ ਹੈ।

ਗਰਮੀਆਂ ਦੇ ਦਿਨਾਂ ਵਿੱਚ ਇਸ ਨੂੰ ਆਪਣੇ ਆਪ ਹੀ ਪਤਾ ਲੱਗ ਜਾਂਦਾ ਹੈ ਕਿ ਨਦੀ ਦਾ ਪਾਣੀ ਘੱਟ ਹੋਣ ਵਾਲਾ ਹੈ। ਇਸ ਕਾਰਣ ਇਹ ਨਦੀ ਵਿੱਚ ਬੰਨ੍ਹ ਬਣਾਉਂਦਾ ਹੈ, ਜਿਸ ਨਾਲ ਪਾਣੀ ਰੁਕਿਆ ਰਹੇ ਅਤੇ ਘੱਟ ਨਾ ਹੋ ਸਕੇ। ਇਸ ਬੰਨ੍ਹ ਨੂੰ ਬਣਾਉਣ ਲਈ ਇਹ ਨਦੀ ਦੇ ਕਿਨਾਰੇ ਵਾਲੇ ਰੁੱਖਾਂ ਦੇ ਤਨਿਆਂ ਨੂੰ ਆਪਣੇ ਮਜ਼ਬੂਤ ਦੰਦਾਂ ਨਾਲ ਕੱਟਣਾ ਸ਼ੁਰੂ ਕਰਦਾ ਹੈ ਅਤੇ ਕੁਤਰ-ਕੁਤਰ ਕੇ ਤਨੇ ਵਿੱਚ ਟੋਏ ਬਣਾਉਂਦਾ ਹੈ। ਇਸ ਤਰ੍ਹਾਂ ਟੋਇਆਂ ਨੂੰ ਇਹ ਨਦੀਂ ਵੱਲ ਡੂੰਘਾ ਕਰਦਾ ਰਹਿੰਦਾ ਹੈ ਜਿਸ ਨਾਲ ਰੁੱਖ ਨਦੀ ਵੱਲ ਹੀ ਡਿੱਗੇ। ਇਸ ਤਰ੍ਹਾਂ ਨਦੀ ਦੇ ਕਿਨਾਰੇ ਰੁੱਖਾਂ ਨੂੰ ਇਹ ਡੇਗਦਾ ਹੈ। ਇਸ ਦੇ ਬਾਦ ਉਹਨਾਂ ਰੁੱਖਾਂ ਨੂੰ ਕੱਟਦਾ ਹੈ ਜੋ ਨਦੀ ਤੋਂ ਦੂਰ ਹੁੰਦੇ ਹਨ। ਡਿੱਗੇ ਰੁੱਖਾਂ ਨੂੰ ਇਹ ਫਿਰ ਇੱਕ-ਇੱਕ, ਦੋ-ਦੋ ਮੀਟਰ ਦੇ ਟੁਕੜੇ ਕੱਟਦਾ ਹੈ। ਇਸ ਦੇ ਬਾਦ ਇਹਨਾਂ ਕੱਟੇ ਹੋਏ ਟੁਕੜਿਆਂ ਦਾ ਸੱਕ ਉਤਾਰਦਾ ਹੈ। ਇਹ ਸੱਕ ਇਸ ਦਾ ਭੋਜਨ ਹੈ। ਨਦੀ ਦੇ ਕਿਨਾਰੇ ਦੇ ਟੁਕੜਿਆਂ ਨੂੰ ਇਹ ਨਦੀ ਵਿੱਚ ਤੈਰਾ ਦਿੰਦਾ ਹੈ ਅਤੇ ਉਹਨਾਂ ਰੁੱਖਾਂ ਦੇ ਟੁਕੜਿਆਂ ਨੂੰ ਜੋ ਨਦੀ ਤੋਂ ਦੂਰ ਹੁੰਦੇ ਹਨ, ਲਿਆਉਣ ਲਈ ਲੰਮੀਆਂ-ਲੰਮੀਆਂ ਨਾਲੀਆਂ ਖੋਦਦਾ ਹੈ। ਇਹਨਾਂ ਨਾਲੀਆਂ ਨੂੰ ਇਹ ਨਦੀ ਨਾਲ ਜੋੜ ਦਿੰਦਾ ਹੈ ਅਤੇ ਇਹਨਾਂ ਨੂੰ ਐਨੀਆਂ ਡੂੰਘੀਆਂ ਕਰਦਾ ਹੈ ਕਿ ਨਦੀ ਦਾ ਪਾਣੀ ਇਹਨਾਂ ਨਾਲੀਆਂ ਵਿੱਚ ਆ ਸਕੇ। ਫਿਰ ਇਹ ਦੂਰ ਪਈਆਂ ਲੱਕੜਾਂ ਨੂੰ ਇਹਨਾਂ ਪਾਣੀ ਨਾਲ ਭਰੀਆਂ ਨਾਲੀਆਂ ਵਿੱਚ ਤੈਰਾ ਦਿੰਦਾ ਅਤੇ ਲੱਕੜਾਂ ਨਦੀ ਵਿੱਚ ਪਹੁੰਚ ਜਾਂਦੀਆਂ ਹਨ।

ਸਰਦ ਰੁੱਤ ਦੇ ਆਰੰਭ ਵਿੱਚ ਹੀ ਜਦ ਨਦੀਆਂ ਦੇ ਸਰੋਤ ਬਰਫ ਜੰਮਣ ਨਾਲ ਹੌਲੇ ਹੋ ਜਾਂਦੇ ਹਨ, ਬੀਵਰ ਆਪਣੇ ਤਿੱਖੇ ਦੰਦਾਂ ਨਾਲ ਰੁੱਖਾਂ ਅਤੇ ਝਾੜੀਆਂ ਦੀਆਂ ਟਹਿਣੀਆਂ ਨੂੰ ਕੱਟ ਕੇ ਇੱਕਠਾ ਕਰਦਾ ਹੈ। ਇਹ ਕੰਮ ਬੀਵਰ ਸਮੂਹਾਂ ਵਿੱਚ ਕਰਦੇ ਹਨ। ਕਿਸੇ ਸੁਨਸਾਨ ਥਾਂ ਤੇ ਅਨੇਕਾਂ ਬੀਵਰਾਂ ਨੂੰ ਪੂਰੀ ਲਗਨ ਨਾਲ ਕੰਮ ਕਰਦੇ ਵੇਖਿਆ ਜਾ ਸਕਦਾ ਹੈ।

ਰੁੱਖਾਂ, ਝਾੜੀਆਂ ਦੀਆਂ ਟਹਿਣੀਆਂ, ਰੇਸ਼ੇਦਾਰ ਘਾਹ ਨਦੀ ਦੇ ਨਦੀ ਦੇ ਖੋਖਲੇ ਟੋਇਆ ਵਿੱਚ ਜਮਾ ਕੀਤੇ ਜਾਂਦੇ ਹਨ। ਬੜੀ ਚਲਾਕੀ ਅਤੇ ਕੌਸ਼ਲਤਾ

ਨਾਲ ਇਹਨਾਂ ਨੂੰ ਆਪਸ ਵਿੱਚ ਗੰਢਿਆ ਜਾਂਦਾ ਹੈ। ਵੇਖਦੇ-ਵੇਖਦੇ (ਕੁੱਝ ਹੀ ਦਿਨਾਂ ਦੀ ਮਿਹਨਤ ਨਾਲ) ਨਦੀ ਦੇ ਆਰ-ਪਾਰ ਇੱਕ ਮਜ਼ਬੂਤ ਜਾਲ ਜਿਹਾ ਖਿਚਿਆ ਜਾਂਦਾ ਹੈ। ਇਸ ਜਾਲ ਨੂੰ ਸਥਿਰਤਾ ਦੇਣ ਲਈ ਛੋਟੇ-ਵੱਡੇ ਪੱਥਰਾਂ ਦਾ ਸਹਾਰਾ ਦਿੱਤਾ ਜਾਂਦਾ ਹੈ। ਜਾਲ ਐਨਾ ਸੰਘਣਾ ਹੁੰਦਾ ਹੈ ਕਿ ਪਾਣੀ ਦੀ ਸਤ੍ਹਾ ਉਠ ਜਾਂਦੀ ਹੈ ਇਸ ਦੇ ਛੇਕਾਂ ਨੂੰ ਮਿੱਟੀ, ਪੱਤੀਆਂ ਜਾਂ ਜੋ ਕੁੱਝ ਵੀ ਕੰਮ ਦੇ ਸਕੇ, ਨਾਲ ਬੰਦ ਕਰ ਦਿੱਤਾ ਜਾਂਦਾ ਹੈ। ਕਦੇ-ਕਦੇ ਮਨੁੱਖ ਦੇ ਪੱਟ ਦੀ ਮੋਟਾਈ ਦੇ ਰੁੱਖਾਂ ਦੇ ਤਨੇ ਵੀ ਬੰਨ੍ਹ ਵਿੱਚ ਲਗਾ ਦਿੱਤੇ ਜਾਂਦੇ ਹਨ। ਅਜਿਹੇ ਮੋਟੇ ਤਨਿਆਂ ਨੂੰ (ਜੇਕਰ ਉਹ ਨਦੀ ਦੇ ਕਿਨਾਰੇ ਤੋਂ ਦੂਰ ਹੋਣ) ਨਦੀ ਤਕ ਲਿਆਉਣ ਲਈ ਬੀਵਰ ਛੋਟੀਆਂ-ਛੋਟੀਆਂ ਨਾਲਿਆਂ ਬਣਾ ਲੈਂਦੇ ਹਨ। ਵੱਡੀਆਂ ਟਹਿਣੀਆਂ ਅਤੇ ਤਨਿਆਂ ਨਾਲੋ ਛੋਟੀਆਂ ਟਹਿਣੀਆਂ ਕੱਟ ਕੇ ਵੱਖਰੀਆਂ ਕਰ ਦਿੱਤੀਆਂ ਜਾਂਦੀਆਂ ਹਨ ਜਿਸ ਨਾਲ ਉਹਨਾਂ ਨੂੰ ਲਿਜਾਣ ਵਿੱਚ ਮੁਸ਼ਕਿਲ ਨਾ ਹੋਵੇ। ਕੱਟਣ-ਛਾਂਟਣ ਦਾ ਸਾਰਾ ਕੰਮ ਬੀਵਰ ਆਪਣੇ ਚਮਕਦਾਰ ਤਿੱਖੇ ਦੰਦਾਂ ਨਾਲ ਕਰਦਾ ਹੈ। ਤਾਰੀਫ ਦੀ ਗੱਲ ਤਾਂ ਇਹ ਹੈ ਕਿ ਬੀਵਰ ਬੇਲੋੜੇ ਰੂਪ ਨਾਲ ਝਾੜੀਆਂ ਦੀ ਕਟਾਈ ਨਹੀਂ ਕਰਦਾ। ਉਹ ਛੋਟੀਆਂ ਛਾਂਟੀਆਂ ਗਈਆਂ ਟਹਿਣੀਆਂ ਦਾ ਵੀ ਇਸਤੇਮਾਲ ਕਰ ਲੈਂਦਾ ਹੈ। ਇਸ ਤਰ੍ਹਾਂ ਦੇ ਬੰਨ੍ਹ ਜੇਕਰ ਉਹ ਤੇਜ਼ ਹੜ ਤੋਂ ਬਚ ਗਏ ਤਾਂ ਕਈ ਸਾਲਾਂ ਤਕ ਚਲਦੇ ਹਨ।

ਬੰਨ੍ਹ ਦੇ ਇਲਾਵਾ ਇਹ ਇਹਨਾਂ ਲੱਕੜੀਆਂ ਨਾਲ ਆਪਣੇ ਮਕਾਨ ਵੀ ਬੰਨ੍ਹ ਦੇ ਨੇੜੇ ਬਣਾਉਂਦੇ ਹਨ। ਮਕਾਨਾਂ ਦੀ ਗਿਣਤੀ ਜ਼ਿਆਦਾ ਹੁੰਦੀ ਹੈ। ਇਹ ਆਪਣੇ ਮਕਾਨਾਂ ਦੀਆਂ ਛੱਤਾਂ ਨੂੰ ਹੇਠਾਂ ਤੋਂ ਪਲੱਸਤਰ ਵੀ ਕਰਦੇ ਹਨ।

ਇਹਨਾਂ ਦੇ ਮਕਾਨਾਂ ਨੂੰ 'ਲਾਜ' ਕਹਿੰਦੇ ਹਨ। ਹਰੇਕ ਮਕਾਨ ਵਿੱਚ ਮਾਂ-ਬਾਪ ਅਤੇ ਬੱਚੇ ਰਹਿੰਦੇ ਹਨ। ਬੱਚੇ ਵੱਡੇ ਹੋਣ ਤੇ ਬਾਹਰ ਕੱਢ ਦਿੱਤੇ ਜਾਂਦੇ ਹਨ ਅਤੇ ਉਹ ਫਿਰ ਆਪਣਾ ਮਕਾਨ ਵੱਖਰਾ ਬਣਾ ਲੈਂਦੇ ਹਨ। ਬੰਨ੍ਹ ਅਤੇ ਮਕਾਨ ਬਣਾਉਣ ਦਾ ਕੰਮ ਸਾਰੇ ਮਿਲ ਕੇ ਕਰਦੇ ਹਨ। ਇਹਨਾਂ ਨੂੰ 'ਇੰਜੀਨੀਅਰ' ਕਹਿਣਾ ਉਚਿਤ ਹੈ। ■





# ਮਦਰ ਟਰੇਸਾ

– ਅਸ਼ੋਕ ਭਾਰਦਵਾਜ਼

ਮਦਰ ਟਰੇਸਾ ਇਕ ਸੱਚੀ ਸੇਵਕ ਸੀ। ਇਕ ਵਾਰ ਮਦਰ ਟਰੇਸਾ ਕੋਹੜ ਦੇ ਰੋਗ ਨਾਲ ਪੀੜਤ ਰੋਗੀਆਂ ਦੇ ਇਲਾਜ ਲਈ ਕੋਲਕਾਤਾ ਵਿੱਚ ਦੁਕਾਨ-ਦੁਕਾਨ ਜਾ ਕੇ ਚੰਦਾ ਇੱਕਠਾ ਕਰ ਰਹੀ ਸੀ।

ਇਸੇ ਸਿਲਸਿਲੇ ਵਿੱਚ ਮਦਰ ਟਰੇਸਾ ਇਕ ਅਮੀਰ ਵਿਉਪਾਰੀ ਦੀ ਦੁਕਾਨ ਤੇ ਪਹੁੰਚੀ, ਜੋ ਆਪਣੀ ਦੁਕਾਨ ਤੇ ਬੈਠੇ-ਬੈਠੇ ਪਾਨ ਚਬਾ ਰਿਹਾ ਸੀ। ਜਦ ਮਦਰ ਟੇਰੇਸਾ ਨੇ ਉਸ ਵਿਉਪਾਰੀ ਦੇ ਅਗੇ ਆਪਣਾ ਸੱਜਾ ਹੱਥ ਅੱਡ ਕੇ ਕਿਹਾ ਕਿ ਕੋਹੜ ਰੋਗ ਨਾਲ ਪੀੜਿਤ ਰੋਗੀਆਂ ਲਈ ਕੁਝ ਦੇਣ ਦੀ ਕ੍ਰਿਪਾ ਕਰੋ, ਤਦ ਉਸ ਵਿਉਪਾਰੀ ਨੇ ਮਦਰ ਟਰੇਸਾ ਦੇ ਸੱਜੇ ਹੱਥ ਤੇ ਪਾਨ ਦੀ ਪੀਕ ਥੁੱਕ ਦਿੱਤੀ। ਇਸ ਤੇ ਮਦਰ ਟਰੇਸਾ ਬਿਲਕੁਲ ਵੀ ਵਿਚਲਿਤ ਨਹੀਂ ਹੋਈ ਅਤੇ ਉਸ ਨੇ ਤੁਰੰਤ ਆਪਣਾ ਸੱਜਾ ਹੱਥ ਪਿਛੇ ਕਰਦੇ ਹੋਏ ਕਿਹਾ ਕਿ ਇਹ ਤਾਂ ਮੇਰੇ ਲਈ ਹੋ ਗਿਆ। ਫਿਰ ਆਪਣਾ ਖੱਬਾ ਹੱਥ ਅੱਗੇ ਕਰਦੇ ਹੋਏ ਬਹੁਤ ਹੀ ਪਿਆਰ ਨਾਲ ਬੋਲੀ– ਹੁਣ ਕ੍ਰਿਪਾ ਕਰਕੇ ਮੇਰੇ ਕੋਹੜ ਦੇ ਰੋਗੀ ਭਰਾਵਾਂ ਲਈ ਕੁਝ ਦੇਣ ਦਾ ਕਸ਼ਟ ਕਰੋ।

ਉਸ ਵਿਉਪਾਰੀ ਨੇ ਸੋਚਿਆ ਵੀ ਨਹੀਂ ਸੀ ਕਿ ਕਿਸੇ ਦੇ ਹੱਥ ਤੇ ਥੁੱਕਣ ਦੇ ਬਾਅਦ ਵੀ ਉਹ ਬਿਲਕੁਲ ਵਿਚਲਿਤ ਅਤੇ ਕ੍ਰੋਧਿਤ ਨਹੀਂ ਹੋਏਗਾ ਅਤੇ ਉਲਟਾ ਆਪਣਾ ਪਿਆਰ ਵਿਖਾਵੇਗਾ। ਉਹ ਤੁਰੰਤ ਮਦਰ ਟਰੇਸਾ ਦੇ ਚਰਨਾਂ ਵਿੱਚ ਡਿਗ ਪਿਆ। ਆਪਣੇ ਕੀਤੇ ਹੋਏ ਦੀ ਮਾਫੀ ਮੰਗੀ ਅਤੇ ਉਸ ਦੇ ਬਾਅਦ ਮਦਰ ਟਰੇਸਾ ਦੀ ਮਦਦ ਵੀ ਕੀਤੀ।

ਸਿਖਿਆ : ਪਿਆਰੇ ਬੱਚਿਉ! ਸਾਨੂੰ ਕਿਸੇ ਵੀ ਹਾਲਤ ਵਿੱਚ ਹਾਰ ਨਹੀਂ ਮੰਨਣੀ ਚਾਹੀਦੀ ਅਤੇ ਹਮੇਸ਼ਾਂ ਦੂਸਰਿਆਂ ਦੇ ਪ੍ਰਤੀ ਸੇਵਾਭਾਵ ਰੱਖਣਾ ਚਾਹੀਦਾ ਹੈ।

# ਵਾਤਾਵਰਣ ਅਤੇ ਰੁੱਖ

– ਮਲਾਗਰ ਸਿੰਘ

ਰੁੱਖ ਵਾਤਾਵਰਣ ਦੀ ਇੱਕ ਮਹੱਤਵਪੂਰਣ ਇਕਾਈ ਹਨ। ਇਹ ਮਨੁੱਖ ਲਈ ਬਹੁਤ ਹਿਤਕਾਰੀ ਹਨ। ਇਸ ਲਈ ਪ੍ਰਾਚੀਨਕਾਲ ਵਿੱਚ ਰਿਸ਼ੀਆਂ-ਮੁਨੀਆਂ ਰਾਹੀਂ ਰੁੱਖਾਂ ਦੀ ਸੁਰੱਖਿਆ ਪ੍ਰਦਾਨ ਕੀਤੀ ਗਈ ਹੈ। ਇਸ ਦੇ ਲਈ ਕਈ ਰੁੱਖਾਂ ਦੀ ਪੂਜਾ ਦੀ ਪਰੰਪਰਾ ਵੀ ਬਣਾਈ ਗਈ ਸੀ। ਰੁੱਖਾਂ ਨਾਲ ਜੰਗਲ, ਜੰਗਲੀ ਪ੍ਰਾਣੀ, ਪਹਾੜ ਨਦੀਆਂ, ਸਮੁੰਦਰ, ਆਕਾਸ਼, ਹਵਾ, ਪਾਣੀ ਆਦਿ ਸਭ ਤੇ ਪ੍ਰਭਾਵ ਪੈਂਦਾ ਹੈ।

ਇਥੇ ਇੱਕ ਗੱਲ ਸਮਝਣੀ ਬਹੁਤ ਜ਼ਰੂਰੀ ਹੈ, ਜੰਗਲ ਅਤੇ ਰੁੱਖਾਂ ਵਿੱਚ ਫਰਕ। ਜੰਗਲ ਇੱਕ ਕੁਦਰਤੀ ਪ੍ਰਣਾਲੀ ਹੈ, ਜਦ ਕਿ ਰੁੱਖ ਇੱਕ ਇਕਾਈ ਹੈ। ਜੰਗਲ ਦੇ ਅੰਦਰ ਰੁੱਖਾਂ ਦੇ ਇਲਾਵਾ ਝਾੜੀਆਂ, ਘਾਹ, ਜਾਨਵਰ, ਪੰਛੀ, ਨਦੀ, ਨਾਲਾ, ਪਹਾੜ ਆਦਿ ਸੰਪੂਰਣ ਕੁਦਰਤੀ ਰਹਿੰਦੀ ਹੈ ਜਾਂ ਰਹਿ ਸਕਦੀ ਹੈ। ਰੁੱਖਾਂ ਤੇ ਕੁੱਝ ਪੰਛੀਆਂ ਦਾ ਬਸੇਰਾ ਵੀ ਹੋ ਸਕਦਾ ਹੈ। ਉਸ ਤੇ ਕੁੱਝ ਜਾਨਵਰ ਰਹਿ ਸਕਦੇ ਹਨ। ਰੁੱਖ ਕਿਤੇ ਵੀ ਲਗਾਇਆ ਜਾ ਸਕਦਾ ਹੈ ਇਸ ਲਈ ਰੁੱਖ ਦਾ ਵੀ ਕਾਫ਼ੀ ਮਹੱਤਵ ਹੈ।

ਰੁੱਖ ਤੋਂ ਬਾਲਣ ਮਿਲਦਾ ਹੈ। ਚਾਰਾ ਮਿਲਦਾ ਹੈ। ਦਾਤੁਨ ਮਿਲਦੀ ਹੈ। ਕੁੱਝ ਵਿਸ਼ੇਸ਼ ਪ੍ਰਕਾਰ ਦੇ ਰੁੱਖ ਦੀਆਂ ਪੱਤੀਆਂ ਨਾਲ ਪੱਤਲ ਅਤੇ ਢੋਨੇ ਬਣਾਏ ਜਾਂਦੇ ਹਨ। ਕੁੱਝ ਰੁੱਖਾਂ ਤੋਂ ਦਵਾਈ ਮਿਲਦੀ ਹੈ। ਅਨੇਕਾਂ ਰੁੱਖਾਂ ਤੋਂ ਫਲ ਮਿਲਦੇ ਹਨ। ਕੁੱਝ ਰੁੱਖਾਂ ਤੋਂ ਫੁੱਲ ਅਤੇ ਬੀਜ਼ ਵੀ ਮਿਲਦੇ ਹਨ। ਮਹੂਆ ਅਤੇ ਕਚਨਾਰ (ਕੋਯਨਾਰ) ਉਪਯੋਗੀ ਫੁੱਲ ਦੇ ਅਤੇ ਸਖੁਆ, ਕਰੰਜ, ਚਿਰੌਂਜੀ ਆਦਿ ਉਪਯੋਗੀ ਬੀਜ਼ ਦੇ ਉਦਾਹਰਣ ਹਨ।

ਵਾਤਾਵਰਣ ਦੀ ਰੱਖਿਆ ਵਿੱਚ ਰੁੱਖ ਦਾ ਉਪਯੋਗ ਐਨਾ ਹੀ ਨਹੀਂ ਹੈ। ਕੜਕਦੀ ਧੁੱਪ ਵਿੱਚ ਰੁੱਖ ਦੀ ਛਾਂ ਬੜੀ ਉਪਯੋਗੀ ਹੁੰਦੀ ਹੈ। ਕੜਕਦੀ ਧੁੱਪ ਵਿੱਚ ਚਲਦੇ ਹੋਏ ਰਾਹੀ ਨੂੰ ਰੁੱਖ ਦੀ ਛਾਂ ਦੀ ਬੇਸਬਰੀ ਨਾਲ ਉਡੀਕ ਰਹਿੰਦੀ ਹੈ। ਉਹਨਾਂ ਦੀ ਹਾਲਤ 'ਹੋਤੇ ਵ੍ਰਿਕਸ਼ ਤੋ ਮਿਲਤੀ ਛਾਂਵ, ਪੜ ਗਏ ਛਾਲੇ ਦੁਖ ਗਏ ਪਾਂਵ' ਦੀ ਰਹਿੰਦੀ ਹੈ। ਖੇਤ ਵਿੱਚ ਕੰਮ ਕਰਨ ਵਾਲਾ ਕਿਸਾਨ ਰੁੱਖ ਦੀ ਛਾਂ ਹੇਠ ਥੋੜੀ ਦੇਰ ਆਰਾਮ ਕਰ ਲੈਂਦਾ ਹੈ। ਤੇਜ਼ ਧੁੱਪ ਵਿੱਚ ਥੱਕਣ ਦੇ ਬਾਦ ਰੁੱਖ ਦੀ ਛਾਂ ਵਿੱਚ ਬੈਠਣ ਨਾਲ ਉਸ ਨੂੰ ਨਵੀਂ ਊਰਜਾ ਮਿਲ ਜਾਂਦੀ ਹੈ। ਵਰਖਾ ਦੀ ਵਾਛੜ ਤੋਂ ਬਚਣ ਵਿੱਚ ਵੀ ਰੁੱਖ ਮਦਦਗਾਰ ਹੁੰਦਾ ਹੈ। ਇਸ ਦੀ ਹਰਿਆਲੀ ਨਾਲ ਅੱਖਾਂ ਨੂੰ ਰਾਹਤ ਮਿਲਦੀ ਹੈ। ਮਨ ਹਰਾ-ਭਰਾ ਹੋ ਜਾਂਦਾ ਹੈ।

ਰੁੱਖ ਆਕਾਸ਼ ਵਿੱਚ ਘੁੰਮਦੇ ਮਤਵਾਲੇ ਬੱਦਲਾਂ ਨੂੰ ਰੋਕਦੇ ਹਨ। ਇਸ ਨਾਲ ਵਰਖਾ ਹੁੰਦੀ ਹੈ। ਵਰਖਾ ਦੀ ਤਰ੍ਹਾਂ ਗਰਮੀ ਅਤੇ ਠੰਡ ਦਾ ਪੈਣਾ ਵੀ ਮੌਸਮ ਦੇ ਅਨੁਸਾਰ ਜ਼ਰੂਰੀ ਹੈ। ਇਹ ਚੰਗੇ ਵਾਤਾਵਰਣ ਦੀ ਪਛਾਣ ਹੈ।

ਪਹਾੜ ਦੇ ਉਪੱਰ ਤਰ੍ਹਾਂ-ਤਰ੍ਹਾਂ ਦੇ ਰੁੱਖ ਮਿਲ ਜਾਂਦੇ ਹਨ। ਬਿਨਾ ਰੁੱਖ ਦਾ ਪਹਾੜ ਨੰਗਾ ਜਿਹਾ ਦਿਸਦਾ ਹੈ। ਰੁੱਖ ਦੀਆਂ ਜੜ੍ਹਾਂ ਪਹਾੜ ਦੇ ਅੰਦਰ ਘੁਸ ਕੇ ਚੱਟਾਨਾਂ ਨੂੰ ਖਿਸਕਣ ਤੋਂ ਰੋਕੀ ਰੱਖਦੀਆਂ ਹਨ। ਬਿਨਾ ਰੁੱਖ ਦੇ ਇਹ ਚੱਟਾਨਾਂ ਹੇਠਾਂ ਡਿੱਗ ਕੇ ਟੁੱਟ ਜਾਂਦੀਆਂ ਹਨ।

ਟੁੱਟੀਆਂ ਹੋਈਆਂ ਚੱਟਾਨਾਂ ਵਰਖਾ ਅਤੇ ਬਰਫ ਦੇ ਪਾਣੀ ਨਾਲ ਹੇਠਾਂ ਡਿਗਦੀਆਂ ਹਨ। ਡਿਗਦੇ-ਡਿਗਦੇ ਉਹਨਾਂ ਦੇ ਟੁਕੜੇ ਛੋਟੇ ਹੁੰਦੇ ਜਾਂਦੇ ਹਨ। ਉਹ ਟੁਕੜੇ ਵਹਿ ਕੇ ਨਦੀਆਂ ਵਿੱਚ ਚਲੇ ਜਾਂਦੇ ਹਨ। ਪਹਾੜ ਦੀਆਂ ਚੱਟਾਨਾਂ ਖਿਸਕਣ ਨਾਲ ਉਥੋਂ ਦੀ ਮਿੱਟੀ ਵਹਿ ਕੇ ਹੇਠਾਂ ਆ ਜਾਂਦੀ ਹੈ। ਉਹ ਮਿੱਟੀ ਵੀ ਨਦੀਆਂ ਵਿੱਚ ਪਹੁੰਚਦੀ ਹੈ। ਚੱਟਾਨ ਦੇ ਟੁਕੜਿਆਂ ਅਤੇ ਮਿੱਟੀ ਦੇ ਕਾਰਣ ਨਦੀਆਂ ਭਰ ਜਾਂਦੀਆਂ ਹਨ। ਇਸ ਨਾਲ ਉਹਨਾਂ ਦੀ ਜਲਧਾਰਕ ਸਮਰੱਥਾ ਘੱਟ ਹੋ ਜਾਂਦੀ ਹੈ। ਪਾਣੀ ਮੈਦਾਨੀ ਖੇਤਰਾਂ ਵਿੱਚ ਫੈਲ ਜਾਂਦਾ ਹੈ। ਸਿੱਟੇ ਵਜੋਂ ਹੜ ਦਾ ਪ੍ਰਕੋਪ ਹੋ ਜਾਂਦਾ ਹੈ। ਭਰੀਆਂ ਹੋਈਆਂ ਨਦੀਆਂ ਵਰਖਾ ਖਤਮ ਹੁੰਦੇ ਹੀ ਸੁੱਕਣ ਲੱਗਦੀਆਂ ਹਨ। ਇਸ ਤਰ੍ਹਾਂ ਰੁੱਖ ਹੜ੍ਹ ਅਤੇ ਸੋਕੇ ਦੋਵਾਂ ਤੋਂ ਬਚਾਉਂਦੇ ਹਨ।



ਰੁੱਖਾਂ ਦੀ ਘਾਟ ਵਿੱਚ ਧਰਤੀ ਦੀ ਉਪਜਾਊ ਮਿੱਟੀ ਵਹਿ ਜਾਂਦੀ ਹੈ। ਇਸ ਨੂੰ ਮਿੱਟੀ ਦੀ ਕਟੌਤੀ ਕਹਿੰਦੇ ਹਨ। ਇਸ ਨਾਲ ਧਰਤੀ ਦੀ ਉਰਵਰਤਾ ਖਤਮ ਹੋ ਜਾਂਦੀ ਹੈ। ਸਤ੍ਹਾ ਵੀ ਪਾਣੀ ਦੇ ਬਹਾਵ ਦੇ ਕਾਰਣ ਉਬੜ-ਖਾਬੜ ਹੋ ਜਾਂਦੀ ਹੈ। ਇਸ ਨਾਲ ਬਚੀ ਹੋਈ ਜ਼ਮੀਨ ਖੇਤੀ ਲਾਇਕ ਨਹੀਂ ਰਹਿੰਦੀ।

ਮਨੁੱਖ ਜਾਂ ਦੂਸਰੇ ਜੀਵ-ਜੰਤੂ ਸਾਹ ਰਾਹੀਂ ਕਾਰਬਨਡਾਈਆਕਸਾਇਡ ਗੈਸ ਛੱਡਦੇ ਹਨ।ਕਾਰਖਾਨਿਆਂ ਰਾਹੀਂ ਵੀ ਤਰ੍ਹਾਂ-ਤਰ੍ਹਾਂ ਦੀਆਂ ਗੈਸਾਂ ਛੱਡੀਆਂ ਜਾਂਦੀਆਂ ਹਨ। ਰੁੱਖਾਂ ਦੀਆਂ ਹਰੀਆਂ ਪੱਤੀਆਂ ਕਾਰਬਨ ਡਾਈਆਕਸਾਇਡ ਨੂੰ ਆਕਸੀਜਨ ਵਿੱਚ ਬਦਲ ਦਿੰਦੀਆਂ ਹਨ। ਰੁੱਖਾਂ ਦੇ ਕਾਰਣ ਕਾਰਬਨ ਡਾਈਆਕਸਾਇਡ ਦੀ ਮਾਤਰਾ ਵਧਣ ਦਾ ਅਸਰ ਸਮੁੰਦਰ ਦੇ ਤਾਪਮਾਨ ਤੇ ਪੈਂਦਾ ਹੈ। ਜ਼ਿਆਦਾ ਕਾਰਬਨ ਡਾਈਆਕਸਾਇਡ ਨਾਲ ਸਮੁੰਦਰੀ ਜਲ ਖੌਲਣ ਲੱਗ ਸਕਦਾ ਹੈ। ਇਹ ਹਾਲਤ ਵਾਤਾਵਰਣ ਦੇ ਲਈ ਬਹੁਤ ਘਾਤਕ ਹੈ ਲੇਕਿਨ ਰੁੱਖ ਵਾਤਾਵਰਣ ਨੂੰ ਇਸ ਘਾਤਕ ਹਾਲਤ ਵਿੱਚ ਆਉਣ ਤੋਂ ਰੋਕਦੇ ਹਨ। ਰੁੱਖਾਂ ਦੇ ਕਾਰਣ ਆਸਪਾਸ ਦਾ ਤਾਪਮਾਨ ਵੀ ਕਾਬੂ ਵਿੱਚ ਰਹਿੰਦਾ ਹੈ।

ਵਾਤਾਵਰਣ ਦੀ ਰੱਖਿਆ ਵਿੱਚ ਰੁੱਖਾਂ ਦੀ ਉਪਯੋਗਿਤਾ ਨੂੰ ਆਰਥਿਕ ਤੌਰ ਤੇ ਵੀ ਵੇਖਿਆ ਜਾ ਸਕਦਾ ਹੈ। ਕੁੱਝ ਰੁੱਖਾਂ ਦੀ ਉਮਰ ਸੈਂਕੜੇ ਸਾਲ ਤਕ ਦੀ ਹੁੰਦੀ ਹੈ। ਲੇਕਿਨ ਔਸਤਨ ਪੰਜਾਹ ਸਾਲ ਮੰਨ ਕੇ ਰੁੱਖਾਂ ਤੋਂ ਮਿਲਣ ਵਾਲੇ ਲਾਭ ਦੀ ਗਣਨਾ ਕੀਤੀ ਜਾ ਸਕਦੀ ਹੈ। ਕੁੱਝ ਰੁੱਖ ਪ੍ਰਤੱਖ ਲਾਭ ਦਿੰਦੇ ਹਨ ਤਾਂ ਕੁੱਝ ਗੁੱਝੇ ਰੂਪ ਵਿੱਚ ਲਾਭ ਦਿੰਦੇ ਹਨ ਜਿਵੇਂ ਕਿ ਇੱਕ ਰੁੱਖ ਪੰਜਾਹ ਸਾਲ ਵਿੱਚ ਪੰਜ ਲੱਖ ਰੁਪਏ ਦਾ ਆਕਸੀਜਨ ਦਿੰਦਾ ਹੈ। ਵਰਖਾ ਨੂੰ ਨਿਸ਼ਚਿਤ ਅਤੇ ਨਮੀ ਨੂੰ ਕਾਬੂ ਕਰਕੇ ਇਹ ਛੇ ਲੱਖ ਰੁਪਏ ਦਾ ਲਾਭ ਪਹੁੰਚਾਉਂਦਾ ਹੈ। ਮਿੱਟੀ ਦੀ ਕਟਾਈ ਰੋਕ ਕੇ ਅਤੇ ਮਿੱਟੀ ਨੂੰ ਉਪਜਾਊ ਬਣਾ ਕੇ ਅਪ੍ਰਤੱਖ ਲਾਭ ਦਿੰਦਾ ਹੈ। ਵਿਗਿਆਨਕ ਆਧਾਰ ਤੇ ਵਾਤਾਵਰਣ ਦੀ ਸਭ ਤੋਂ ਵੱਡੀ ਪ੍ਰਦੂਸ਼ਣ ਕਾਬੂ ਕਰਨ ਦੀ ਇਕਾਈ ਰੁੱਖ ਹੀ ਹਨ। ■

# ਹਾਸਾ ਖੇਡਾ



ਇੱਕ ਸਿੱਧਾ-ਸਾਧਾ ਪੇਂਡੂ ਰੇਲਵੇ ਸਟੇਸ਼ਨ ਦੀ ਟਿਕਟ ਖਿੜਕੀ ਤੇ ਜਾ ਕੇ ਬਾਬੂ ਨੂੰ ਬੋਲਿਆ :

ਇੱਕ ਟਿਕਟ ਦੀਨਦਿਆਲ ਦਾ ਦੇਣਾ।

ਟਿਕਟ ਬਾਬੂ ਬੜੀ ਦੇਰ ਤੱਕ ਸਟੇਸ਼ਨਾਂ ਦੇ ਨਾਮ ਦੀ ਸੂਚੀ ਵੇਖਦੇ ਹੋਏ ਪ੍ਰੇਸ਼ਾਨ ਹੋ ਕੇ ਬੋਲਿਆ :

ਅਰੇ, ਇਹ ਕਿਥੇ ਹੈ?

ਪੇਂਡੂ : ਬਾਬੂ ਜੀ, ਉਹ ਬਾਹਰ ਬੈਂਚ ਤੇ ਬੈਠਾ ਹੈ।

---

ਚਿੰਟੂ : (ਮਿੰਟੂ ਨੂੰ) ਬੈਠੇ ਬੈਠੇ ਕੀ ਸੋਚ ਰਿਹਾ ਹੈ ਭਾਈ?

ਮਿੰਟੂ : ਇਹੀ ਕਿ ਜਿਸ ਨੇ ਪਹਿਲੀ ਵਾਰ ਦਹੀ ਜਮਾਇਆ ਹੋਵੇਗਾ, ਉਹ ਖੱਟਾ ਕਿਥੋਂ ਲਿਆਇਆ ਹੋਵੇਗਾ?

*– ਸੋਨੀ*

ਜੱਜ : ਤੁਹਾਨੂੰ ਆਪਣੀ ਸਫ਼ਾਈ ਵਿੱਚ ਕੀ ਕਹਿਣਾ ਹੈ?

ਔਰਤ : ਹੁਣ ਮੈਂ ਬੋਲਾਂ, ਮੇਰੇ ਘਰ ਸਫ਼ਾਈ ਨੌਕਰਾਨੀ ਕਰਦੀ ਹੈ ਇਸ ਬਾਰੇ ਵਿੱਚ ਤਾਂ ਉਹੀ ਜ਼ਿਆਦਾ ਚੰਗੀ ਤਰ੍ਹਾਂ ਦੱਸ ਸਕਦੀ ਹੈ।

---

ਰਾਜ : ਮੇਰਾ ਬੇਟਾ ਰਾਤਭਰ ਬੁਕ ਤੇ ਬੈਠਾ ਰਿਹਾ।

ਜੀਤ : ਪਰ ਫਿਰ ਉਹ ਫੇਲ੍ਹ ਕਿਉਂ ਹੋਇਆ?

ਰਾਜ : ਕਿਉਂਕਿ ਉਹ ਨੈਟ ਦੀ 'ਫੇਸਬੁਕ' ਤੇ ਬੈਠਾ ਸੀ।

*– ਆਨੰਦ ਪ੍ਰਕਾਸ਼*

ਸੇਠ ਸਾਹਿਬ : (ਨੌਕਰ ਨੂੰ) ਸ਼ਾਮੂ ਜਰਾ ਇਹ ਬਿਜਲੀ ਦਾ ਤਾਰ ਫੜਨਾ।

ਨੌਕਰ : (ਝਟਕਾ ਲੱਗਣ ਦੇ ਬਾਦ) ਮਾਲਿਕ ਇਸ ਵਿੱਚ ਤਾਂ ਕਰੰਟ ਹੈ।

ਸੇਠ ਸਾਹਿਬ : ਠੀਕ ਹੈ ਸ਼ਾਮੂ ਮੈਂ ਇਹੀ ਤਾਂ ਪਤਾ ਕਰਨਾ ਸੀ।



*– ਅਮਿਤ*

ਪਿਤਾ : ਬੇਟਾ ਇਸ ਕਿਤਾਬ ਵਿੱਚੋਂ ਕੀ ਪੜ੍ਹ ਰਹੇ ਹੋ?

ਬੇਟਾ : ਪਿਤਾ ਜੀ, ਬੱਚਿਆਂ ਦਾ ਪਾਲਣ-ਪੋਸ਼ਣ ਕਿਵੇਂ ਕੀਤਾ ਜਾਂਦਾ ਹੈ। ਇਹ ਪੜ੍ਹ ਰਿਹਾ ਹਾਂ।

ਪਿਤਾ : ਪਰ ਬੇਟਾ, ਹੁਣੇ ਤੂੰ ਇਹ ਕਿਉਂ ਪੜ੍ਹ ਰਿਹਾ ਹੈ?

ਬੇਟਾ : ਜੀ ਮੈਂ ਇਹ ਜਾਨਣਾ ਚਾਹੁੰਦਾ ਹਾਂ ਕਿ ਆਪ ਮੇਰਾ ਪਾਲਣ-ਪੋਸ਼ਣ ਠੀਕ ਤਰ੍ਹਾਂ ਕਰ ਰਹੇ ਹੋ ਜਾਂ ਨਹੀਂ।

---

ਅਧਿਆਪਕ: ਹੋਮ ਵਰਕ ਕਿਉਂ ਨਹੀਂ ਕੀਤਾ?

ਗੋਲੂ : ਮੈਡਮ, ਮੈਂ ਜਦ ਪੜ੍ਹਨ ਬੈਠਾ ਤਾਂ ਲਾਇਟ ਚਲੀ ਗਈ।

ਅਧਿਆਪਕ: ਤਾਂ ਲਾਇਟ ਆਉਣ ਦੇ ਬਾਦ ਕਿਉਂ ਨਹੀਂ ਕੀਤੀ ਪੜ੍ਹਾਈ?

ਗੋਲੂ : ਬਾਦ ਵਿੱਚ ਮੈਂ ਇਸ ਡਰ ਕਾਰਣ ਪੜ੍ਹਨ ਨਹੀਂ ਬੈਠਾ ਕਿ ਕਿਤੇ ਮੇਰੀ ਵਜ੍ਹਾ ਨਾਲ ਲਾਇਟ ਫਿਰ ਨਾ ਚਲੀ ਜਾਵੇ।

*– ਗੁਰਵਿੰਦਰ ਸਿੰਘ*

ਸੋਨੀਆ : (ਨੀਤੂ ਨੂੰ) ਮੈਨੂੰ ਕੋਈ ਅਜਿਹਾ ਉਪਾਅ ਦੱਸੋ ਕਿ ਮੈਂ ਮੋਟੀ ਹੋ ਜਾਵਾਂ। ਸਾਰੇ ਲੋਕ ਮੈਨੂੰ ਸੁਕੜੀ-ਸੁਕੜੀ ਕਹਿੰਦੇ ਹਨ।

ਨੀਤੂ : ਉਹ ਜੋ ਤੇਰੀ ਛੱਤ ਤੇ ਮੱਧੂਮੱਖੀਆਂ ਦਾ ਛੱਤਾ ਹੈ ਨਾ। ਉਸ ਵਿੱਚ ਹੱਥ ਪਾ ਦੇ। ਤੂੰ ਮੋਟੀ ਹੋ ਜਾਏਗੀ।

*– ਅਰਚਨਾ*

ਮੋਨੂੰ ਦੀ ਮਾਂ ਦੀ ਤਬੀਅਤ ਖਰਾਬ ਹੋਈ। ਹਸਪਤਾਲ ਲੈ ਜਾਇਆ ਗਿਆ। ਡਾਕਟਰ ਨੇ ਕਿਹਾ – ਦੋ 'ਟੈਸਟ' ਹੋਣਗੇ। ਮੋਨੂੰ ਇਹ ਸੁਣ ਕੇ ਉਦਾਸ ਹੋ ਗਿਆ ਅਤੇ ਬੋਲਿਆ – ਹੇ ਭਗਵਾਨ! ਹੁਣ ਕੀ ਹੋਵੇਗਾ, ਮੇਰੀ ਮਾਂ ਤਾਂ ਅਨਪੜ੍ਹ ਹੈ।

---

ਕਵੀ : ਤੁਹਾਨੂੰ ਮੇਰੀ ਕਵਿਤਾ ਪਸੰਦ ਆਈ?

ਸਰੋਤਾ : ਮੈਨੂੰ ਉਸ ਦਾ ਦਾ ਅੰਤ ਸੁੰਦਰ ਲੱਗਾ।

ਕਵੀ : ਕਿਸ ਜਗ੍ਹਾ?

ਸਰੋਤਾ : ਜਦ ਆਪ ਨੇ ਕਿਹਾ ਕਿ ਕਵਿਤਾ ਸਮਾਪਤ ਹੋਈ।

*– ਗੁਰਮੀਤ ਸਿੰਘ*

# ਦੁਨੀਆ ਵਿਚ ਹੋਰ ਕਿੱਥੇ ਮਨਾਇਆ ਜਾਂਦਾ ਹੈ ਬਾਲ ਦਿਵਸ

- ਰੂਪਮਜੀਤ

ਭਾਰਤ ਵਿਚ ਬਾਲ ਦਿਵਸ 14 ਨਵੰਬਰ ਨੂੰ ਯਾਨੀ ਦੇਸ਼ ਦੇ ਪਹਿਲੇ ਪ੍ਰਧਾਨਮੰਤਰੀ ਪੰਡਿਤ ਜਵਾਹਰਲਾਲ ਨਹਿਰੂ ਦੇ ਜਨਮਦਿਨ ਤੇ ਮਨਾਇਆ ਜਾਂਦਾ ਹੈ, ਪਰ ਇਸ ਦਾ ਮਤਲਬ ਇਹ ਨਹੀਂ ਕਿ ਬਾਲ ਦਿਵਸ ਨਹਿਰੂ ਦੇ ਜਨਮ ਦਿਨ ਉਤੇ ਸ਼ੁਰੂ ਹੋਇਆ ਅਤੇ ਸਿਰਫ ਭਾਰਤ ਵਿਚ ਹੀ ਮਨਾਇਆ ਜਾਂਦਾ ਹੈ। ਜੀ ਹਾਂ, ਬਾਲ ਦਿਵਸ ਭਾਰਤ ਦਾ ਕੋਈ ਆਪਣਾ ਮੌਲਿਕ ਦਿਨ ਨਹੀਂ ਹੈ। ਇਹ ਪੂਰੀ ਦੁਨੀਆ ਵਿਚ ਮਨਾਇਆ ਜਾਂਦਾ ਹੈ। ਲੇਕਿਨ ਇਸ ਦੇ ਲਈ ਕੋਈ ਇਕ ਦਿਨ ਤੈਅ ਨਹੀਂ ਹੈ। ਅਸਲ ਵਿਚ ਬਾਲ ਦਿਵਸ ਦੀ ਨੀਂਹ 1925 ਵਿਚ ਰੱਖੀ ਗਈ ਸੀ। ਜਦੋਂ ਬੱਚਿਆਂ ਦੇ ਕਲਿਆਣ ਉਤੇ ਵਿਸ਼ਵ ਕਾਨਫ੍ਰੰਸ ਵਿਚ ਬਾਲ ਦਿਵਸ ਮਨਾਉਣ ਦੀ ਘੋਸ਼ਣਾ ਹੋਈ। 1954 ਵਿੱਚ ਦੁਨੀਆ ਭਰ ਵਿਚ ਇਸ ਨੂੰ ਮਾਨਤਾ ਮਿਲੀ। ਸੰਯੁਕਤ ਰਾਸ਼ਟਰ ਨੇ ਇਸ ਦੇ ਲਈ 20 ਨਵੰਬਰ ਦਾ ਦਿਨ ਤੈਅ ਕੀਤਾ ਅਤੇ ਬਹੁਤ ਸਾਰੇ ਦੇਸ਼ 20 ਨਵੰਬਰ ਨੂੰ ਹੀ ਮਨਾਉਂਦੇ ਹਨ, ਲੇਕਿਨ ਭਾਰਤ ਵਿਚ ਕਿਉਂਕਿ ਪੰਡਿਤ ਨਹਿਰੂ ਬੱਚਿਆਂ ਨਾਲ ਬਹੁਤ ਪਿਆਰ ਕਰਦੇ ਸਨ, ਇਸ ਲਈ ਸਾਡੇ ਦੇਸ਼ ਵਿਚ ਬਾਲ ਦਿਵਸ ਮਨਾਉਣ ਲਈ ਉਹਨਾਂ ਦਾ ਜਨਮ ਦਿਨ 14 ਨਵੰਬਰ ਚੁਣਿਆ ਗਿਆ।

ਜੂਨ ਦੇ ਮਹੀਨੇ ਵੀ ਕਈ ਦੇਸ਼ਾ ਵਿਚ ਬਾਲ ਦਿਵਸ ਮਨਾਇਆ ਜਾਂਦਾ ਹੈ। ਇਹ ਦਿਨ ਇਸ ਗੱਲ ਦੀ ਯਾਦ ਕਰਾਉਂਦਾ ਹੈ ਕਿ ਦੁਨੀਆ ਦਾ ਹਰ ਬੱਚਾ ਖਾਸ ਹੈ ਅਤੇ ਬੱਚਿਆਂ ਦੇ ਬਿਹਤਰ ਭਵਿੱਖ ਲਈ ਉਹਨਾਂ ਦੀਆਂ ਮੂਲ ਜ਼ਰੂਰਤਾਂ ਅਤੇ ਪੜਾਈ-ਲਿਖਾਈ ਪੂਰਾ ਹੋਣਾ ਬਹੁਤ ਜ਼ਰੂਰੀ ਹੈ। ਇਕ ਤਰ੍ਹਾਂ ਨਾਲ ਇਹ ਦਿਨ ਬੱਚਿਆਂ ਨੂੰ ਸਹੀ ਜੀਵਨ ਦਿਤੇ ਜਾਣ ਦੀ ਯਾਦ ਦਿਵਾਉਂਦਾ ਹੈ। ▪

- ***ਜੋ ਹੱਥ ਸੇਵਾ ਲਈ ਉਠਦੇ ਹਨ ਉਹ ਅਰਦਾਸ ਕਰਨ ਵਾਲੇ ਹੋਠਾਂ ਤੋਂ ਵੀ ਪਵਿੱਤਰ ਹਨ।***
- ***ਆਪਣਾ ਮਨ ਨਿਰੰਕਾਰ ਨਾਲ ਜੋੜ ਕੇ ਰਖਾਂਗੇ ਤਾਂ ਆਨੰਦ ਆਪਣੇ ਆਪ ਹੀ ਪ੍ਰਾਪਤ ਹੁੰਦਾ ਰਹੇਗਾ।***
- ***ਸੰਤਾਂ ਮਹਾਂਪੁਰਸ਼ਾਂ ਦੀ ਉਚੀ ਮਤ ਲੈਣ ਨਾਲ ਸਾਡੇ ਜੀਵਨ ਦੀ ਚਾਲ ਵੀ ਸੁੰਦਰ ਹੋ ਜਾਂਦੀ ਹੈ***
- ***ਸੱਚਾ ਉਪਦੇਸ਼ ਸੁਣ ਕੇ ਮੰਨਣਾ ਅਤੇ ਉਸ ਅਨੁਸਾਰ ਚਲਣਾ ਹੀ ਮਾਨਵਤਾ ਦੀ ਪਹਿਲੀ ਪੌੜੀ ਹੈ।***

(ਬਾਬਾ ਹਰਦੇਵ ਸਿੰਘ ਜੀ ਮਹਾਰਾਜ)

# ਸਾਧਾਰਣ ਗਿਆਨ ਪ੍ਰਸ਼ਨੋਤਰੀ

*(ਸਭ ਸਵਾਲਾਂ ਦੇ ਜੁਵਾਬ 'ਰੀ' ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਉਠਾਉ ਅਤੇ ਪ੍ਰਸ਼ਨਚਿੰਨ ਦੇ ਬਾਅਦ ਉਤੱਰ ਲਿਖਦੇ ਜਾਉ।)*

ਪ੍ਰਸ਼ਨ 1) ਜੰਮੂ ਅਤੇ ਕਸ਼ਮੀਰ ਵਿਚ ਮੁੱਖ ਰੂਪ ਵਿਚ ਕਿਹੜੀ ਭਾਸ਼ਾ ਬੋਲੀ ਜਾਂਦੀ ਹੈ?

ਪ੍ਰਸ਼ਨ 2) ਕਿਸ ਨਦੀ ਦੇ ਕਿਨਾਰੇ ਨਾਸਿਕ ਸ਼ਹਿਰ ਵੱਸਿਆ ਹੈ?

ਪ੍ਰਸ਼ਨ 3) ਭਾਰਤ ਦੇ ਪਹਿਲੇ ਐਕਟਿੰਗ ਪ੍ਰੈਜ਼ੀਡੈਂਟ ਕੌਣ ਸਨ?

ਪ੍ਰਸ਼ਨ 4) ਬਰੂਨੇਈ ਦੇਸ਼ ਦੀ ਰਾਜਧਾਨੀ ਦਾ ਕੀ ਨਾਮ ਹੈ?

ਪ੍ਰਸ਼ਨ 5) ਦੁਰਯੋਧਨ ਦੀ ਮਾਤਾ ਦਾ ਕੀ ਨਾਮ ਸੀ?

ਪ੍ਰਸ਼ਨ 6) ਉੜੀਸਾ ਦੇ ਕਿਸ ਸ਼ਹਿਰ ਵਿਚ ਜਗਨਨਾਥ ਮੰਦਿਰ ਹੈ?

ਪ੍ਰਸ਼ਨ 7) ਭਾਰਤ ਰਤਨ ਪੁਰਸਕਾਰ ਪਾਉਣ ਵਾਲੇ ਗਵਰਨਰ ਜਨਰਲ ਕੌਣ ਸਨ?

ਪ੍ਰਸ਼ਨ 8) ਕਿਸ ਮਹੀਨੇ ਦੀ 12 ਤਰੀਕ ਨੂੰ 'ਰਾਸ਼ਟਰੀ ਯੁਵਾ ਦਿਵਸ' ਦੇ ਰੂਪ ਵਿਚ ਮਨਾਇਆ ਜਾਂਦਾ ਹੈ?

ਪ੍ਰਸ਼ਨ 9) ਮਤੰਗ ਰਿਸ਼ੀ ਦੇ ਕਿਸ ਚੇਲੇ ਦੇ ਜੂਠੇ ਬੇਰ ਭਗਵਾਨ ਸ਼੍ਰੀ ਰਾਮ ਨੇ ਸਵੀਕਾਰ ਕੀਤੇ ਸਨ?

ਪ੍ਰਸ਼ਨ 10) ਬਿਹਾਰ ਦੀ ਕਿਸ ਥਾਂ ਤੇ ਭਗਵਾਨ ਮਹਾਵੀਰ ਨੂੰ ਨਿਰਵਾਣ ਪ੍ਰਾਪਤ ਹੋਇਆ ਸੀ।

ਪ੍ਰਸ਼ਨ 11) ਉਲਿੰਪਿਕ ਖੇਡਾਂ ਵਿਚ ਪਦਕ ਪ੍ਰਾਪਤ ਕਰਨ ਵਾਲੀ ਪਹਿਲੀ ਭਾਰਤੀ ਮਹਿਲਾ ਕੌਣ ਸੀ?

ਪ੍ਰਸ਼ਨ 12) ਮਣੀਪੁਰ ਵਿਚ ਮੁੱਖ ਰੂਪ ਵਿਚ ਕਿਹੜੀ ਭਾਸ਼ਾ ਬੋਲੀ ਜਾਂਦੀ ਹੈ?

ਪ੍ਰਸ਼ਨ 13) ਨੋਬਲ ਪੁਰਸਕਾਰ ਨਾਲ ਸਨਮਾਨਿਤ ਹੋਣ ਵਾਲੀ ਪਹਿਲੀ ਮਹਿਲਾ ਕੌਣ ਸੀ?

ਪ੍ਰਸ਼ਨ 14) ਤਮਿਲਨਾਡੂ ਦੇ ਕਿਸ ਸ਼ਹਿਰ ਵਿਚ ਪ੍ਰਸਿੱਧ ਵਿਵੇਕਾਨੰਦ ਮਾਰਗ ਹੈ?

ਪੇਸ਼ਕਸ਼: ਵਿਕਾਸ ਅਰੋੜਾ

(ਸਹੀ ਉਤੱਰ ਕਿਸੇ ਹੋਰ ਪੰਨੇ ਤੇ ਵੇਖੋ)

# ਕਿੱਟੀ



**ਚਿੱਤਰਕਾਰ ਅਤੇ ਲੇਖਕ**
**– ਅਜੈ ਕਾਲਰਾ**







ਮੰਮੀ, ਅੱਜ ਸ਼ਾਮ ਨੂੰ ਮੈਂ, ਮੌਲੀ ਅਤੇ ਚਿੰਟੂ, ਮੋਟੂ ਦੇ ਘਰ ਪੜ੍ਹਾਈ ਕਰਨ ਜਾ ਰਹੇ ਹਾਂ।
ਠੀਕ ਹੈ, ਪਰ ਤੂੰ ਪੜ੍ਹਾਈ ਹੀ ਕਰਨਾ, ਸ਼ਰਾਰਤ ਨਾ ਕਰਨਾ ਵਰਨਾ ਪੜ੍ਹ ਨਹੀਂ ਸਕੋਗੀ।
ਅਸੀਂ ਸਾਰੇ ਆ ਗਏ ਮੋਟੂ।


ਕਿੱਟੀ, ਚਲੋ ਮਿਲ ਕੇ ਪੜ੍ਹਾਈ ਕਰਦੇ ਹਾਂ। ਕੋਈ ਸ਼ਰਾਰਤ ਨਹੀਂ ਕਰੇਗਾ।
ਮੈਂ ਚਿੰਟੂ ਦੀ ਕਾਪੀ ਲੁਕਾ ਦਿੰਦੀ ਹਾਂ। ਬੜਾ ਮਜ਼ਾ ਆਏਗਾ।
ਅਰੇ, ਚਿੰਟੂ ਤੂੰ ਆਪਣੀ ਕਾਪੀ ਨਹੀਂ ਲਿਆਇਆ?
ਅਰੇ, ਮੈਂ ਤਾਂ ਆਪਣੀ ਕਾਪੀ ਲਿਆਇਆ ਸੀ, ਕਿਥੇ ਗਈ?



ਅਰੇ, ਲੱਭੋ ਕਾਪੀ ਕਿਥੇ ਗਈ?
ਚਲੋ ਕਿੱਟੀ ਘਰ ਚਲੋ। ਹੁਣ ਬਹੁਤ ਦੇਰ ਹੋ ਗਈ।
ਅਰੇ! ਇਹ ਕੀ ਮੈਂ ਤਾਂ ਆਪਣਾ ਹੋਮਵਰਕ ਵੀ ਨਹੀਂ ਕੀਤਾ।
ਹੁਣ ਤਾਂ ਮੈਡਮ ਤੋਂ ਕੁੱਟ ਪਏਗੀ। ਕਾਸ਼! ਮੈਂ ਸਮਾਂ ਬਰਬਾਦ ਨਾ ਕਰਕੇ ਆਪਣਾ ਕੰਮ ਕਰ ਲੈਂਦੀ।

# ਮਨੂੰ ਅਤੇ ਮਿੱਠੂ ਦੀ ਮਿੱਤਰਤਾ

– ਹਰਜਿੰਦਰ ਪਾਇਲ

ਠੰਡੇ-ਠੰਡੇ ਪਾਣੀ ਨਾਲ ਨਹਾਉਣਾ ਚਾਹੀਦਾ.....'ਗੀਤ ਦੀਆਂ ਲਾਇਨਾਂ ਗੁਣਗੁਣਾਉਂਦਾ ਹੋਇਆ ਮਨੂੰ ਲਗਭਗ ਅੱਧੇ ਘੰਟੇ ਤੋਂ ਬਾਥਰੂਮ ਵਿੱਚ ਬੈਠਾ ਨਹਾ ਰਿਹਾ ਸੀ। ਜਦ ਮਾਂ ਦੇ ਸਬਰ ਦਾ ਬੰਨ੍ਹ ਟੁੱਟ ਗਿਆ ਤਾਂ ਉਹਨਾਂ ਨੇ ਮਨੂੰ ਨੂੰ ਆਵਾਜ਼ ਲਗਾਈ 'ਬਾਹਰ ਆਉ ਬੇਟਾ! ਕੀ ਸਾਰਾ ਪਾਣੀ ਖ਼ਤਮ ਕਰਨਾ ਹੈ?

ਮਨੂੰ ਦੇ ਕੰਨਾਂ ਵਿੱਚ ਮਾਂ ਦੀ ਆਵਾਜ਼ ਪਈ। 'ਮਰਦਾ ਕੀ ਨਹੀਂ ਕਰਦਾ।' ਮਨੂੰ ਝੱਟਪੱਟ ਬਾਥਰੂਮ ਤੋਂ ਬਾਹਰ ਆਇਆ। ਕੱਪੜੇ ਪਾਏ ਅਤੇ ਬਾਹਰ ਨਿਕਲ ਗਿਆ। ਤਦੇ ਉਸ ਦੀ ਨਜ਼ਰ ਘਰ ਦੇ ਬਨ੍ਹੇਰੇ ਤੇ ਪਈ। ਇੱਕ ਤੋਤਾ ਟੈਂ-ਟੈਂ ਕਰਦਾ ਹੋਇਆ ਇਧਰ ਤੋਂ ਉਧਰ ਘੁੰਮ ਰਿਹਾ ਸੀ। ਮਨੂੰ ਸਮਝ ਗਿਆ ਕਿ ਉਹ ਸ਼ਾਇਦ ਪਾਣੀ ਦੀ ਭਾਲ ਵਿੱਚ ਹੈ।

ਮਨੂੰ ਨੇ ਜਾਣਾ ਤੇ ਕਿਤੇ ਹੋਰ ਸੀ ਪ੍ਰੰਤੂ ਉਹ ਜਾ ਪਹੁੰਚਾ ਘੁਮਿਆਰ ਦੇ ਕੋਲ। ਮਿੱਟੀ ਦਾ ਬਣਿਆ ਹੋਇਆ ਇੱਕ ਭਾਂਡਾ ਖਰੀਦਿਆ ਅਤੇ ਵਾਪਸ ਆਪਣੇ ਘਰ ਵੱਲ ਮੁੜ ਗਿਆ। ਮਨੂੰ ਨੇ ਮਿੱਟੀ ਦੇ ਉਸ ਬਰਤਨ ਨੂੰ ਪਾਣੀ ਨਾਲ ਭਰ ਕੇ ਘਰ ਦੇ ਬਨੇਰੇ ਤੇ ਰੱਖ ਦਿੱਤਾ। ਤੋਤਾ ਹੁਣ ਵੀ ਉਥੇ ਬੈਠਾ ਹੋਇਆ ਸੀ। ਪਾਣੀ ਨੂੰ ਵੇਖ ਕੇ ਖੁਸ਼ ਹੋਇਆ। ਪਿਆਸ ਬੁਝਾਈ ਅਤੇ ਉਡ ਗਿਆ। ਮਨੂੰ ਟੱਕਟਕੀ ਲਗਾਏ ਉਸ ਨੂੰ ਉਡਦਾ ਹੋਇਆ ਵੇਖ ਰਿਹਾ ਸੀ। ਤੋਤਾ ਉਡ ਕੇ ਘਰ ਦੇ ਕੋਲ ਹੀ ਪਿੱਪਲ ਦੇ ਰੁੱਖ ਤੇ ਜਾ ਬੈਠਾ ਜਿਥੇ ਉਸ ਦਾ ਬਸੇਰਾ ਸੀ।

ਅਗਲੇ ਦਿਨ ਤੋਤਾ ਫਿਰ ਆਇਆ। ਪਾਣੀ ਪੀਤਾ ਅਤੇ ਉਡ ਗਿਆ। ਮਨੂੰ ਖਲੋਤਾ ਉਸ ਨੂੰ ਨਿਹਾਰਦਾ ਰਿਹਾ। ਉਡਣ ਤੋਂ ਪਹਿਲਾਂ ਉਸ ਨੇ ਕੁੱਝ ਦੇਰ ਤਕ ਟੈਂ-ਟੈਂ ਦੀ ਆਵਾਜ਼ ਕੱਢੀ ਜਿਸ ਨੂੰ ਮਨੂੰ ਸਮਝ ਨਹੀਂ ਸਕਿਆ ਸੀ।

ਦੋ-ਤਿੰਨ ਦਿਨਾਂ ਤਕ ਇਹੀ ਸਿਲਸਿਲਾ ਜਾਰੀ





ਰਿਹਾ। ਅੱਜ ਜਿਉਂ ਹੀ ਤੋਤਾ ਪਾਣੀ ਪੀ ਕੇ ਉਡਣ ਲੱਗਾ, ਮਨੂੰ ਨੇ ਉਸ ਨੂੰ ਫੜ ਲਿਆ। ਮਨੂੰ ਦੇ ਕੋਮਲ ਹੱਥਾਂ ਦੀ ਛੋਹ ਪਾ ਕੇ ਤੋਤੇ ਨੂੰ ਬਹੁਤ ਖੁਸ਼ੀ ਹੋਈ। ਆਖਿਰ ਉਹ ਵੀ ਮਨੂੰ ਨਾਲ ਮਿੱਤਰਤਾ ਕਰਨੀ ਚਾਹੁੰਦਾ ਸੀ। ਤੋਤੇ ਨੇ ਆਪਣੀ ਚੁੰਝ ਮਨੂੰ ਦੇ ਹੱਥ ਵਿੱਚ ਗੱਡ ਦਿੱਤੀ। ਮਨੂੰ ਤੋਤੇ ਦੇ ਮਨ ਦੇ ਭਾਵ ਪੜ ਚੁੱਕਾ ਸੀ। ਉਸ ਨੂੰ ਭੁੱਖ ਸਤਾ ਰਹੀ ਸੀ।

ਫਿਰ ਕੀ ਸੀ ਮਨੂੰ ਤੋਤੇ ਨੂੰ ਲੈ ਕੇ ਮਾਂ ਦੇ ਕੋਲ ਰਸੋਈ ਘਰ ਵਿੱਚ ਆਇਆ। ਮਾਂ ਨੇ ਤੋਤੇ ਨੂੰ ਖਾਣ ਲਈ ਮਟਰ ਦੇ ਕੁੱਝ ਦਾਣੇ ਦਿੱਤੇ। ਉਹਨਾਂ ਨੇ ਪਿਆਰ ਨਾਲ ਤੋਤੇ ਦਾ ਨਾਂ ਮਿੱਠੂ ਰੱਖ ਦਿੱਤਾ। ਮਾਂ ਅਤੇ ਮਨੂੰ ਦੇ ਮੂੰਹੋਂ 'ਮਿੱਠੂ' ਸ਼ਬਦ ਸੁਣ ਕੇ ਤੋਤਾ ਫੁੱਲਿਆ ਨਾ ਸਮਾਇਆ।

ਸ਼ਾਮ ਨੂੰ ਮਨੂੰ ਮਿੱਠੂ ਲਈ ਬਜ਼ਾਰੋਂ ਇੱਕ ਪਿੰਜਰਾ ਲੈ ਆਇਆ ਸੀ। ਹੁਣ ਤੋਤੇ ਦਾ ਘਰ ਉਹ ਪਿੰਜਰਾ ਬਣ ਚੁੱਕਾ ਸੀ। ਮਨੂੰ ਇਸੇ ਪਿੰਜਰੇ ਵਿੱਚ ਮਿੱਠੂ ਨੂੰ ਕਦੇ ਬੀਜ਼ ਖਾਣ ਲਈ ਦਿੰਦਾ, ਕਦੇ ਤਾਜ਼ੀ ਸਬਜ਼ੀਆਂ ਤਾਂ ਕਦੇ ਗਾਜਰ, ਅੰਬ, ਕੇਲਾ ਜਾਂ ਅੰਗੂਰ ਵਰਗੇ ਫਲ। ਹਾਂ, ਕਦੇ-ਕਦੇ ਉਹ ਮਿੱਠੂ ਨੂੰ ਮਿਰਚ ਵੀ ਖੁਵਾ ਦਿੰਦਾ। ਅਜਿਹਾ ਉਹ ਇਸ ਲਈ ਕਰਦਾ ਸੀ ਤਾਂਕਿ ਉਸ ਦੀ ਆਵਾਜ਼ ਤੇਜ਼ ਬਣੀ ਰਹੇ। ਮਨੂੰ ਇੱਕ ਭਾਂਡੇ ਵਿੱਚ ਪਾਣੀ ਭਰ ਕੇ ਵੀ ਪਿੰਜਰੇ ਵਿੱਚ ਰੱਖ ਦਿੰਦਾ ਸੀ।

ਮਨੂੰ ਦੁਪਹਿਰ ਦੇ ਸਮੇਂ ਮਿੱਠੂ ਨੂੰ ਪਿੰਜਰੇ ਵਿਚੋਂ ਬਾਹਰ ਕੱਢਦਾ। ਉਸ ਦੇ ਨਾਲ ਗੱਲਾ



ਕਰਦਾ ਅਤੇ ਉਸ ਨੂੰ ਗੀਤ ਗਾਉਣਾ ਵੀ ਸਿਖਾਉਂਦਾ। ਮਿੱਠੂ ਨੇ ਮਨੂੰ ਨੂੰ ਆਪਣਾ ਪੱਕਾ ਮਿੱਤਰ ਬਣਾ ਲਿਆ ਸੀ। ਉਹ ਉਸ ਦੇ ਹਰ ਦਿਸ਼ਾ-ਨਿਰਦੇਸ਼ ਦਾ ਪਾਲਣ ਕਰਨ ਲੱਗਾ ਸੀ।

ਹੌਲੀ-ਹੌਲੀ ਕਰਕੇ ਮਿੱਠੂ ਇਨਸਾਨਾਂ ਦੀ ਤਰ੍ਹਾਂ ਹੀ ਬੋਲਣ ਅਤੇ ਗਾਉਣ ਲੱਗਾ ਸੀ। ਇਹ ਵੇਖ ਕੇ ਮਨੂੰ ਨੂੰ ਚੰਗਾ ਲੱਗਦਾ ਸੀ ਅਤੇ ਮਾਂ ਨੂੰ ਵੀ। ਉਹ ਜਦ ਵੀ ਕਦੇ ਘਰੋਂ ਬਾਹਰ ਨਿਕਲਦਾ, ਮਿੱਠੂ ਉਸ ਦੇ ਮੋਢੇ ਤੇ ਬੈਠ ਜਾਂਦਾ। ਆਉਂਦੇ ਜਾਂਦੇ ਲੋਕ ਮਿੱਠੂ ਨੂੰ ਇਨਸਾਨਾਂ ਦੀ ਭਾਸ਼ਾਂ ਵਿੱਚ ਗੱਲਾ ਕਰਦੇ ਹੋਏ ਵੇਖਦੇ ਤਾਂ ਹੈਰਾਨ ਰਹਿ ਜਾਂਦੇ। ਮਿੱਠੂ ਲੋਕਾਂ ਦੇ ਮੰਨੋਰੰਜਨ ਦਾ ਸਾਧਨ ਬਣ ਚੁੱਕਾ ਸੀ। ਮਨੂੰ ਅਤੇ ਮਿੱਠੂ ਦੀ ਮਿੱਤਰਤਾ ਦੇ ਚਰਚੇ ਪੂਰੇ ਸ਼ਹਿਰ ਵਿੱਚ ਫੈਲ ਚੁੱਕੇ ਸਨ।

ਇੱਕ ਵਾਰ ਦੀ ਗੱਲ ਹੈ। ਮਨੂੰ ਬਾਜ਼ਾਰ ਤੋਂ ਕੁੱਝ ਜ਼ਰੂਰੀ ਸਮਾਨ ਲੈ ਕੇ ਘਰ ਵੱਲ ਵਾਪਸ ਆ ਰਿਹਾ ਸੀ। ਗਲੀ ਦੀ ਨੁੱਕੜ ਤੋਂ ਸਾਹਮਣੇ ਆਉਂਦੀ ਤੇਜ਼ ਬਾਇਕ ਨੇ ਉਸ ਨੂੰ ਟੱਕਰ ਮਾਰ ਦਿੱਤੀ। ਮਨੂੰ ਸੜਕ ਤੇ ਡਿੱਗ ਪਿਆ। ਸ਼ੁਕਰ ਹੈ ਕਿ ਮਿੱਠੂ ਵੀ ਉਸ ਸਮੇਂ ਮਨੂੰ ਦੇ ਨਾਲ ਸੀ। ਮਿੱਠੂ ਤੇਜ਼ੀ ਨਾ ਉਡ ਕੇ ਆਇਆ ਅਤੇ ਮਾਂ ਨੂੰ ਬੁਲਾ ਲਿਆਇਆ। ਮਨੂੰ ਨੂੰ ਛੇਤੀ ਹੀ ਡਾਕਟਰ ਦੇ ਕੋਲ ਪਹੁੰਚਾਇਆ ਗਿਆ। ਲਗਭਗ ਦੋ ਘੰਟੇ ਦੇ ਬਾਅਦ ਮਨੂੰ ਨੂੰ ਛੁੱਟੀ ਮਿਲ ਗਈ।

ਮਨੂੰ ਦੇ ਨਾਲ-ਨਾਲ ਮਾਂ ਨੂੰ ਵੀ ਮਿੱਠੂ ਬਹੁਤ ਜ਼ਿਆਦਾ ਭਾਉਣ ਲੱਗਾ ਸੀ। ਉਹ ਤਾਂ ਉਹਨਾਂ ਦੇ ਹਰ ਦੁੱਖ-ਸੁੱਖ ਦਾ ਸਾਥੀ ਬਣਿਆ ਹੋਇਆ ਸੀ। ਕਦੇ-ਕਦੇ ਮਨੁੱਖ ਵੀ ਅਜਿਹੀ ਦੋਸਤੀ ਨਹੀਂ ਨਿਭਾ ਸਕਦਾ, ਜਿਵੇਂ ਖਾਮੋਸ਼ ਪ੍ਰਾਣੀ ਨਿਭਾ ਦਿੰਦਾ ਹੈ। ■

❖ ***ਵਿਦਿਆ ਦੇ ਨਾਲ ਜੀਵਨ ਦਾ ਆਚਰਣ ਕਰਨਾ ਹੀ ਵਿਦਿਆ ਹੈ।***

– ਸਰਦਾਰ ਪਟੇਲ



# ਕੀ ਤੁਸੀਂ ਜਾਣਦੇ ਹੋ

- ਅਮਰੀਕਾ ਦੇ ਨਿਊਜਰਸੀ ਰਾਜ ਵਿੱਚ ਐਤਵਾਰ ਨੂੰ ਗੋਭੀ ਵੇਚਣ ਤੇ ਪਾਬੰਦੀ ਹੈ।
- ਦੁਨੀਆਂ ਦਾ ਹਰ ਤੀਸਰਾ ਹਵਾਈ ਅੱਡਾ ਅਮਰੀਕਾ ਵਿੱਚ ਹੈ।
- ਨਿਊਯਾਰਕ ਵਿੱਚ ਛੋਟੇ ਬੱਚਿਆਂ ਦੁਆਰਾ ਸਿਗਰਟ ਦੇ ਟੁਕੜੇ ਇਕੱਠੇ ਕਰਨਾ ਅਪਰਾਧ ਸਮਝਿਆ ਜਾਂਦਾ ਹੈ।
- ਅਮਰੀਕਾ ਦੇ ਮਿਸੂਰੀ ਰਾਜ ਵਿੱਚ ਸ਼ੇਵ (ਤ੍ਰੀਡਕ) ਬਣਾਉਣ ਲਈ ਆਦਮੀ ਨੂੰ ਲਾਇਸੈਂਸ ਲੈਣਾ ਪੈਂਦਾ ਹੈ।
- ਇਕ ਹਰਿਆ-ਭਰਿਆ ਰੁੱਖ ਸਾਲ ਵਿੱਚ 260 ਪੌਂਡ ਆਕਸੀਜਨ ਛੱਡਦਾ ਹੈ ਜੋ ਕਿ ਲਗਭਗ ਚਾਰ ਪਰਿਵਾਰਾਂ ਲਈ ਸਾਲ ਭਰ ਜ਼ਰੂਰੀ ਹੁੰਦੀ ਹੈ।
- ਭੁੱਖਾ ਚੀਤਾ ਇਕ ਸਮੇਂ 45 ਕਿਲੋ ਤੋਂ ਵੀ ਜ਼ਿਆਦਾ ਮਾਸ ਖਾ ਜਾਂਦਾ ਹੈ।
- ਮਗਰਮੱਛ ਜਦ ਖਾਣਾ ਖਾਂਦਾ ਹੈ ਤਾਂ ਉਸ ਦੀਆਂ ਅੱਖਾਂ ਵਿਚੋਂ ਅੱਥਰੂ ਨਿਕਲਦੇ ਹਨ।
- ਗੋਦਾਵਰੀ ਨਦੀ ਨੂੰ ਦੱਖਣ ਦੀ ਗੰਗਾ ਵੀ ਕਿਹਾ ਜਾਂਦਾ ਹੈ।
- ਸੰਸਾਰ ਦਾ ਸਭ ਤੋਂ ਵੱਡਾ ਡੈਲਟਾ 'ਸੁੰਦਰਵਨ ਡੈਲਟਾ' ਹੈ।
- ਪ੍ਰਿਥਵੀ ਦੇ ਸਭ ਤੋਂ ਨਜ਼ਦੀਕ 'ਸ਼ੁਕਰ ਗ੍ਰਹਿ' ਹੈ।
- ਧਵਨੀ ਦੀ ਤੀਬਰਤਾ ਡੇਸੀਬਲ ਵਿੱਚ ਮਾਪੀ ਜਾਂਦੀ ਹੈ।
- ਮਧੂਮੱਖੀ ਪਾਲਣ ਨੂੰ ਏਪੀਕਲਚਰ ਕਿਹਾ ਜਾਂਦਾ ਹੈ।
- ਕਿਸੇ ਵੈਬਸਾਈਟ ਦੇ ਪਹਿਲੇ ਪੇਜ਼ ਨੂੰ ਹੋਮ ਪੇਜ ਕਿਹਾ ਜਾਂਦਾ ਹੈ।
- ਸਾੜੀ ਇਕ ਅਜਿਹਾ ਪਹਿਰਾਵਾ ਹੈ ਜਿਸ ਵਿੱਚ ਕੋਈ ਸਿਲਾਈ, ਬਟਨ ਜਾਂ ਜ਼ਿਪ ਨਹੀਂ ਹੁੰਦੀ।
- ਗਿਰਗਿਟ ਰੰਗ ਬਦਲਣ ਵਿੱਚ ਮਾਹਿਰ ਹੁੰਦੀ ਹੈ। ਇਸ ਦੀ ਲੰਬਾਈ ਤਕਰੀਬਨ ਇਕ ਫੁੱਟ ਹੁੰਦੀ ਹੈ। ਇਸ ਦੀ ਪੂਛ ਕਦੇ ਵੀ ਟੁਟਦੀ ਨਹੀਂ ਹੈ। ਇਹ ਵਾਤਾਵਰਣ ਅਨੁਸਾਰ ਰੰਗ ਬਦਲਦੀ ਰਹਿੰਦੀ ਹੈ।
- ਪ੍ਰਿਥਵੀ ਦਾ 70 ਪ੍ਰਤਿਸ਼ਤ ਹਿੱਸਾ ਸਮੁੰਦਰ ਨਾਲ ਭਰਿਆ ਹੈ।

ਪੇਸ਼ਕਸ਼ : ਵਿਭਾ ਵਰਮਾ



# ਕੌੜੀ ਨਿੰਮ ਦੀਆਂ ਮਿੱਠੀਆਂ ਗੱਲਾਂ

– ਅਭੈ ਕੁਮਾਰ ਜੈਨ

ਨਿੰਮ ਦਾ ਵਿਗਿਆਨਕ ਨਾਮ ਅਜਾਡਿਰਾਚਤਾ ਇੰਡਕਾ ਹੈ। ਇਹਨੂੰ ਸੰਸਕ੍ਰਿਤ ਵਿੱਚ ਨਿੰਬ ਕਹਿੰਦੇ ਹਨ। ਨਿੰਮ ਦਾ ਰੁੱਖ ਭਾਰਤ ਵਿੱਚ ਹਰ ਸਥਾਨ ਤੇ ਪਾਇਆ ਜਾਂਦਾ ਹੈ। ਇਹ ਰੁੱਖ ਸਦਾਬਹਾਰ, ਘਣੇ ਛਤਰ ਵਾਲਾ, ਸੁੰਦਰ ਅਤੇ ਛਾਂ-ਦਾਰ ਹੁੰਦਾ ਹੈ। ਮਾਹਿਰਾਂ ਦੇ ਅਨੁਸਾਰ ਨਿੰਮ ਬਹੁਤ ਹੀ ਗੁਣਕਾਰੀ ਹੁੰਦਾ ਹੈ ਇਸ ਲਈ ਨਿੰਮ ਤੋਂ ਅਨੇਕਾਂ ਜੀਵਾਣੂਨਾਸ਼ਕ ਦਵਾਈਆਂ ਅਤੇ ਸਾਬਣ, ਸੁੰਦਰਤਾ ਦੇ ਸਮਾਨ, ਟੂਥਪੇਸਟ, ਡੇਟੋਲ ਅਤੇ ਪਾਊਡਰ ਆਦਿ ਬਣਾਏ ਜਾਂਦੇ ਹਨ।

ਆਯੁਰਵੈਦਿਕ, ਯੂਨਾਨੀ ਅਤੇ ਕੁਦਰਤੀ ਮੈਡੀਕਲ ਤਿੰਨਾਂ ਵਿਧੀਆਂ ਵਿੱਚ ਨਿੰਮ ਦਾ ਬਹੁਤ ਜ਼ਿਆਦਾ ਮਹੱਤਵ ਹੈ। ਇਹ ਖੇਤੀਬਾੜੀ ਫਸਲਾਂ ਦੇ ਹਾਨੀਕਾਰਕ ਕੀੜਿਆਂ, ਦੀਮਕ, ਮੱਛਰ, ਘੁਣ ਅਤੇ ਕਪੜੇ ਕੱਟਣ ਵਾਲੇ ਕੀੜਿਆਂ ਤੋਂ ਮੁਕਤੀ ਦਿਵਾਉਂਦਾ ਹੈ। ਆਯੁਰਵੈਦ ਮੈਡੀਕਲ ਪ੍ਰਣਾਲੀ ਦੇ ਅਨੁਸਾਰ ਨਿੰਮ ਸ਼ੀਤਲ ਅਤੇ ਗਰਮੀ ਨੂੰ ਨਸ਼ਟ ਕਰਨ ਵਾਲਾ ਹੁੰਦਾ ਹੈ। ਇਸ ਨਾਲ ਚਮੜੀ ਰੋਗ ਨਸ਼ਟ ਹੋ ਜਾਂਦੇ ਹਨ। ਨਿੰਮ ਦੇ ਰੁੱਖ ਦਾ ਹਰੇਕ ਹਿੱਸਾ ਜਿਵੇਂ ਪੱਤੇ, ਕਰੂੰਬਲਾਂ, ਫੁੱਲ, ਕੱਚੇ-ਪੱਕੇ ਫਲ, ਬੀਜ, ਗਿਰੀ, ਸੱਕ, ਗੋਂਦ, ਜੜ੍ਹ, ਰਸ ਅਤੇ ਲੱਕੜੀ ਆਦਿ ਗੁਣਾਂ ਨਾਲ ਭਰਪੂਰ ਹੈ। ਲਖਨਊ ਦੇ ਰਾਸ਼ਟਰੀ ਬਾਗ ਇੰਸੀਟੀਚਿਊਟ ਨੇ ਇਹ ਸਿੱਧ ਕੀਤਾ ਹੈ ਕਿ ਨਿੰਮ ਦੇ ਪੌਦੇ ਹਵਾਮੰਡਲ ਵਿਚੋਂ ਕਾਰਖਾਨਿਆਂ ਦੁਆਰਾ ਸੁੱਟੀ ਗਈ ਹਾਨੀਕਾਰਕ ਮਿੱਟੀ ਨੂੰ ਸੋਖ ਕੇ ਅਤੇ ਹਾਨੀਕਾਰਕ ਜੀਵਾਣੂਆਂ ਦਾ ਨਾਸ਼ ਕਰਕੇ ਹਵਾ ਪ੍ਰਦੂਸ਼ਣ ਦੀ ਸਮੱਸਿਆ ਨੂੰ ਹਲ ਕਰਕੇ ਸਾਡੇ ਵਾਤਾਵਰਣ ਨੂੰ ਸ਼ੁਧ ਬਣਾਉਂਦੇ ਹਨ।

ਰਿਗ ਵੇਦ ਵਿੱਚ ਕੀਟਨਾਸ਼ਕ ਰੁੱਖਾਂ ਦੀ ਕੁਲ ਗਿਣਤੀ 1600 ਦੱਸੀ ਗਈ ਹੈ ਜਿਸ ਵਿੱਚ ਨਿੰਮ ਨੂੰ ਬਹੁਤ ਜ਼ਿਆਦਾ ਮਹੱਤਵਸ਼ਾਲੀ ਮੰਨਿਆ ਹੈ। ਜਿਸ ਦਾ ਤਿੱਖਾਪਨ ਕੀੜੇ-ਮਕੌੜਿਆਂ ਤੋਂ ਸੁਰੱਖਿਆ ਪ੍ਰਦਾਨ ਕਰਦਾ ਹੈ। ਆਯੁਰਵੇਦ ਦੇ ਪਿਤਾਮਹ ਚਰਕ ਨੇ ਨਿੰਮ ਨੂੰ ਖੁਜਲੀ ਨਾਸ਼ਕ ਦੱਸਿਆ ਹੈ। ਸੁਸ਼ਰੁਤ ਨੇ ਇਸ ਰੁੱਖ ਨੂੰ ਕਫ, ਸੋਜ ਅਤੇ ਜਲਨ ਨੂੰ ਸ਼ਾਂਤ ਕਰਨ ਵਾਲਾ ਕਿਹਾ ਹੈ। ਨਿੰਮ ਦੇ ਗੁਣ ਨੂੰ ਕਈ ਪ੍ਰਕਾਰ ਨਾਲ ਵਰਨਣ ਕੀਤਾ ਗਿਆ ਹੈ।

ਕੀਟਨਾਸ਼ਕਾਰੀ ਗੁਣਾਂ ਨਾਲ ਭਰਪੂਰ ਹੋਣ ਦੇ ਕਾਰਣ ਖੇਤੀਬਾੜੀ ਦੇ ਖੇਤਰ ਵਿੱਚ ਵੀ ਨਿੰਮ ਦੇ ਉਪਯੋਗ ਸੰਬੰਧੀ ਕਈ ਮਹੱਤਵਪੂਰਣ ਖੋਜਾਂ ਹੋਈਆਂ ਹਨ। ਨਿਰੀਖਣ ਨਾਲ ਇਹ ਸਿੱਧ ਹੋ ਚੁੱਕਾ ਹੈ ਕਿ ਅਨਾਜ ਭੰਡਾਰ ਵਿੱਚ ਨਿੰਮ ਦੀਆਂ ਪੱਤੀਆਂ ਮਿਲਾ ਦੇਣ ਨਾਲ ਉਹ ਕਈ ਪ੍ਰਕਾਰ ਦੇ ਕੀੜੇ-ਮਕੌੜਿਆਂ ਤੋਂ ਸੁਰੱਖਿਅਤ ਰਹਿ ਸਕਦਾ ਹੈ। ਇਹ ਵੀ ਵੇਖਿਆ ਹੈ ਕਿ ਅਗਰ ਨਿੰਮੋਲੀਆਂ ਨੂੰ ਪੀਸ ਕੇ ਉਹਨਾਂ ਨੂੰ ਪਾਣੀ ਵਿੱਚ ਮਿਲਾ ਕੇ ਫਸਲ ਤੇ ਛਿੜਕ ਦਿੱਤਾ ਜਾਏ ਤਾਂ ਖੇਤੀਬਾੜੀ ਦੇ ਕਈ ਹਾਨੀਕਾਰਕ ਕੀੜੇ ਫਸਲ ਨੂੰ ਹਾਨੀ ਨਹੀਂ ਪਹੁੰਚਾ ਸਕਦੇ। ਨਿੰਮ ਵਿੱਚ ਅਸਾਧਾਰਣ ਰੂਪ ਨਾਲ ਕੀਟਾਣੂਨਾਸ਼ਕ ਸ਼ਕਤੀ ਹੈ। ਨਿੰਮ ਦੀ ਦਾਤੁਨ ਨਾਲ ਦੰਦ ਸਾਫ਼, ਚਮਕਦਾਰ ਅਤੇ ਮਜ਼ਬੂਤ ਰਹਿੰਦੇ ਹਨ।

ਨਿੰਮ ਦੀਆਂ ਪੱਤੀਆਂ ਨੂੰ ਪਾਣੀ ਗਰਮ ਕਰਦੇ ਸਮੇਂ ਪਾਣੇ ਵਿੱਚ ਪਾ ਦਿਉ ਅਤੇ ਇਸ ਪਾਣੀ ਨਾਲ ਇਸ਼ਨਾਨ ਕਰਨ ਤੇ ਚਰਮ ਰੋਗ ਦੂਰ ਹੋ ਜਾਂਦੇ ਹਨ। ਨਿੰਮ ਵਿੱਚ ਜਦ ਨਵੀਆਂ ਪੱਤੀਆਂ ਆਉਂਦੀਆਂ ਹਨ ਤਾਂ ਉਸ ਸਮੇਂ ਤਿੰਨ ਦਿਨਾਂ ਤਕ ਨਿਯਮਿਤ 5-7 ਪੱਤੀਆਂ ਨਿੰਮ ਦੀਆਂ ਪੀਹ ਕੇ ਪੀ ਲਉ। ਇਸ ਨਾਲ ਖ਼ੂਨ ਸਾਫ਼ ਰਹੇਗਾ ਅਤੇ ਸਿਹਤ ਵੀ ਚੰਗੀ ਰਹੇਗੀ। ਨਿੰਮ ਸ਼ੂਗਰ ਰੋਗੀਆਂ ਲਈ ਵੀ ਲਾਭਦਾਇਕ ਹੈ। ਨਿੰਮ ਦੇ ਬੀਜ ਤੋਂ ਮਾਰਗੋਸਾ ਤੇਲ ਕੱਢਿਆ ਜਾਂਦਾ ਹੈ ਜੋ ਕੋਹੜ ਅਤੇ ਚਰਮ ਰੋਗਾਂ ਨੂੰ ਦੂਰ ਕਰਨ ਲਈ ਕੰਮ ਵਿੱਚ ਲਿਆ ਜਾ ਸਕਦਾ ਹੈ। ਇਸ ਦੇ ਤੇਲ ਦੀ ਮਾਲਿਸ਼ ਕਰਨ ਨਾਲ ਗਠੀਆ ਦੇ ਰੋਗੀਆਂ ਨੂੰ ਵੀ ਲਾਭ ਮਿਲਦਾ ਹੈ। ਇਸ ਦੀਆਂ ਸੁੱਕੀਆਂ ਹੋਈਆਂ ਪੱਤੀਆਂ ਨੂੰ ਸਾੜਨ ਨਾਲ ਮੱਛਰ ਭੱਜ ਜਾਂਦੇ ਹਨ। ਊਨੀ ਕੱਪੜੇ ਰੱਖਦੇ ਸਮੇਂ ਅਤੇ ਅਨਾਜ ਭੰਡਾਰ ਕਰਦੇ ਸਮੇਂ ਨਿੰਮ ਦੀਆਂ ਪੱਤੀਆਂ ਰੱਖਣ ਨਾਲ ਉਸ ਵਿੱਚ ਕੀੜੇ ਨਹੀਂ ਲੱਗਦੇ।

ਨਿੰਮ ਦਾ ਰੁੱਖ ਬਾਕੀ ਰੁੱਖਾਂ ਦੀ ਬਜਾਏ ਜ਼ਿਆਦਾ ਆਕਸੀਜਨ ਦਿੰਦਾ ਹੈ। ਇਸੇ ਵਜ੍ਹਾ ਨਾਲ ਜੋ ਪ੍ਰਾਚੀਨ ਸਮੇਂ ਵਿੱਚ ਘਰ ਦੇ ਵਿਹੜੇ ਵਿੱਚ ਨਿੰਮ ਦਾ ਰੁੱਖ ਲਗਾਉਣ ਦੀ ਪਰੰਪਰਾ ਰਹੀ ਹੈ। ਨਿੰਮ ਦੀਆਂ ਪੱਤੀਆਂ ਨੂੰ ਪਾਣੀ ਵਿੱਚ ਉਬਾਲ ਕੇ ਇਸ਼ਨਾਨ ਕਰੇ ਤਾਂ ਬਹੁਤ ਲਾਭ ਮਿਲਦਾ ਹੈ।

## ਦਵਾਈ ਦੇ ਉਪਯੋਗ :-

**ਸੜ ਜਾਣ ਤੇ :-** ਅਗਰ ਆਪ ਖਾਣਾ ਬਣਾਉਂਦੇ ਵਕਤ ਜਾਂ ਕਿਸੇ ਦੂਸਰੇ ਕਾਰਣ ਨਾਲ ਆਪਣਾ ਹੱਥ ਸਾੜ ਬੈਠਦੇ ਹੋ ਤਾਂ ਤੁਰੰਤ ਉਸ ਜਗ੍ਹਾ ਤੇ ਨਿੰਮ ਦੀਆਂ ਪੱਤੀਆਂ ਨੂੰ ਪੀਸ ਕੇ ਲਗਾ ਲਉ। ਇਸ ਵਿੱਚ ਮੌਜੂਦ ਏਂਟੀਸੇਪਟਿਕ ਗੁਣ ਜਖਮ ਨੂੰ ਜ਼ਿਆਦਾ ਵਧਣ ਨਹੀਂ ਦਿੰਦਾ ਹੈ।

**ਕੰਨ ਦਰਦ :-** ਅਗਰ ਆਪ ਦੇ ਕੰਨ ਵਹਿਣ ਵਿੱਚ ਦਰਦ ਰਹਿੰਦਾ ਹੈ ਤਾਂ ਨਿੰਮ ਦਾ ਤੇਲ ਇਸਤੇਮਾਲ ਕਰਨਾ ਕਾਫੀ ਫਾਇਦੇਮੰਦ ਰਹੇਗਾ। ਕਈ ਲੋਕਾਂ ਨੂੰ ਕੰਨ ਵਹਿਣ ਦੀ ਬੀਮਾਰੀ ਹੁੰਦੀ ਹੈ। ਅਜਿਹੇ ਲੋਕਾਂ ਲਈ ਨਿੰਮ ਦਾ ਤੇਲ ਇਕ ਉਤਮ ਉਪਾਅ ਹੈ।

**ਦੰਦਾਂ ਲਈ :-** ਦੰਦਾਂ ਅਤੇ ਮਸੂੜਿਆਂ ਦੀ ਦੇਖਭਾਲ ਲਈ ਮਹਿੰਗੇ ਟੂਥਪੇਸਟ ਇਸਤੇਮਾਲ ਕਰਨ ਦੀ ਬਜਾਏ ਨਿੰਮ ਦੀ ਦਾਤਣ ਆਪਣੇ ਆਪ ਵਿੱਚ ਪੂਰਣ ਹੈ। ਨਿੰਮ ਦੀ ਦਾਤਣ ਪਾਇਰੀਆ ਦੀ ਰੋਕਥਾਮ ਵਿੱਚ ਵੀ ਉਤਮ ਹੁੰਦੀ ਹੈ।

**ਵਾਲਾਂ ਲਈ ਵੀ ਫਾਇਦੇਮੰਦ :-** ਨਿੰਮ ਇਕ ਬਹੁਤ ਵਧੀਆ ਕੰਡੀਸ਼ਨਰ ਹੈ। ਇਸ ਦੀਆਂ ਪੱਤੀਆਂ ਨੂੰ ਪਾਣੀ ਵਿੱਚ ਉਬਾਲ ਕੇ ਉਸ ਦੇ ਪਾਣੀ ਨਾਲ ਵਾਲ ਧੋਣ ਨਾਲ ਰੂਸੀ (ਸਿਕਰੀ) ਅਤੇ ਫੰਗਸ ਵਰਗੀ ਸਮੱਸਿਆ ਦੂਰ ਹੋ ਜਾਂਦੀ ਹੈ।

**ਫੋੜੇ-ਫਿੰਨਸੀਆਂ ਤੇ ਲਗਾਉਣ ਲਈ :-** ਕਈ ਵਾਰ ਅਜਿਹਾ ਹੁੰਦਾ ਹੈ ਕਿ ਖ਼ੂਨ ਸਾਫ਼ ਨਾ ਹੋਣ ਦੀ ਵਜ੍ਹਾ ਨਾਲ ਸਮੇਂ-ਸਮੇਂ ਤੇ ਫੋੜੇ ਹੋ ਜਾਂਦੇ ਹਨ। ਅਜਿਹੇ ਵਿੱਚ ਨਿੰਮ ਦੀਆਂ ਪੱਤੀਆਂ ਪੀਸ ਕੇ ਪ੍ਰਭਾਵਿਤ ਜਗ੍ਹਾ ਤੇ ਲਗਾਉਣ ਨਾਲ ਫਾਇਦਾ ਹੋਏਗਾ। ■

### *ਸਾਧਾਰਣ ਗਿਆਨ ਪ੍ਰਸ਼ਨੋਤਰੀ ਦੇ ਉੱਤਰ*

| | |
|---|---|
| 1) ਕਸ਼ਮੀਰੀ | 8) ਜਨਵਰੀ |
| 2) ਗੋਦਾਵਰੀ | 9) ਸ਼ਬਰੀ |
| 3) ਵੀ.ਵੀ ਗਿਰੀ | 10) ਪਾਵਾਪੁਰੀ |
| 4) ਬੰਦਰਸੇਰੀ | 11) ਕਰਣਮ ਭਲੇਸ਼ਵਰੀ |
| 5) ਗਾਂਧਾਰੀ | 12) ਮਣੀਪੁਰੀ |
| 6) ਪੁਰੀ | 13) ਮੇਰੀ ਕਿਊਰੀ |
| 7) ਸੀ. ਰਾਜਗੋਪਾਲਾਚਾਰੀ | 14) ਕੰਨਿਆ ਕੁਮਾਰੀ |

# ਕਿਵੇਂ ਬਣੀ ਦੁਨੀਆਂ ਦੀ ਪਹਿਲੀ ਲਾਇਬਰੇਰੀ?



– ਦਿਨੇਸ਼ ਦਰਪਣ

ਅੱਜ ਤੋਂ ਲਗਭਗ ਪੰਜ ਹਜ਼ਾਰ ਸਾਲ ਪਹਿਲਾਂ ਅਸੀਰਿਆ ਵਿੱਚ ਇਕ ਰਾਜਾ ਸੀ। ਉਹਨੂੰ ਵਿਦਵਾਨਾਂ ਨੂੰ ਦਰਬਾਰ ਵਿੱਚ ਬੁਲਾਉਣ, ਉਹਨਾਂ ਤੋਂ ਗਿਆਨ ਦੀਆਂ ਗੱਲਾਂ ਸੁਣਨ ਅਤੇ ਉਹਨਾਂ ਦਾ ਸਨਮਾਨ ਕਰਨ ਦਾ ਬਹੁਤ ਸ਼ੌਂਕ ਸੀ। ਰਾਜਾ ਇਸ ਗੱਲ ਤੋਂ ਪ੍ਰੇਸ਼ਾਨ ਰਹਿੰਦਾ ਸੀ ਕਿ ਉਹ ਵਿਦਵਾਨਾਂ ਦੁਆਰਾ ਕਹੀਆਂ ਗਈਆਂ ਸਾਰੀਆਂ ਗੱਲਾਂ ਨੂੰ ਯਾਦ ਨਹੀਂ ਰੱਖ ਸਕਦਾ ਸੀ। ਇਕ ਦਿਨ ਸਵੇਰੇ ਜਦ ਉਹ ਸੈਰ ਕਰਨ ਲਈ ਜਾ ਰਿਹਾ ਸੀ। ਘੁਮਿਆਰ ਦੁਆਰਾ ਬਣਾਏ ਗਏ ਮਿੱਟੀ ਦੇ ਬਰਤਨ ਆਵੇ ਵਿੱਚ ਪੱਕ ਰਹੇ ਸਨ। ਇਹ ਤਰੀਕਾ ਰਾਜਾ ਨੂੰ ਪਸੰਦ ਆ ਗਿਆ। ਰਾਜਾ ਨੇ ਬਹੁਤ ਸਾਰੇ ਘੁਮਿਆਰਾਂ ਨੂੰ ਇਸ ਦਿਸ਼ਾ ਵਿੱਚ ਆਪਣੀ ਯੋਜਨਾ ਅਨੁਸਾਰ ਕੰਮ ਤੇ ਲਗਾ ਦਿੱਤਾ। ਮਿੱਟੀ ਦੀਆਂ ਚਿਕਨੀਆਂ ਅਤੇ ਚੌਕਾਰ ਪੱਟੀਆਂ ਬਣਾਈਆਂ ਜਾਣ ਲੱਗੀਆਂ। ਦਰਬਾਰ ਦੇ ਵਿਦਵਾਨਾਂ ਨੇ ਉਹਨਾਂ ਤੇ ਲੋਹੇ ਦੀਆਂ ਸਲਾਈਆਂ ਨਾਲ ਧਰਮਗ੍ਰੰਥ ਅਤੇ ਕਾਨੂੰਨ ਸਬੰਧੀ ਗੱਲਾਂ ਲਿਖੀਆਂ। ਇਹ ਭਾਸ਼ਾ ਚਿਤਰਲਿਪੀ ਵਰਗੀ ਸੀ।

ਇਸ ਪ੍ਰਕਾਰ ਅਸੀਰਿਆ ਦੇ ਰਾਜਾ ਨੇ ਗ੍ਰੰਥਾਂ ਨੂੰ ਸੁਰੱਖਿਅਤ ਰੱਖਣ ਦਾ ਉਪਾਅ ਲੱਭ ਲਿਆ ਸੀ। ਇਹ ਸੰਸਾਰ ਦੀ ਪਹਿਲੀ ਲਾਇਬ੍ਰੇਰੀ ਸੀ। ਕਿਹਾ ਜਾਂਦਾ ਹੈ ਕਿ ਉਸ ਦੇ ਕੋਲ ਇਸ ਤਰ੍ਹਾਂ ਦੀਆਂ ਵੀਹ ਹਜ਼ਾਰ ਤੋਂ ਵੀ ਜ਼ਿਆਦਾ ਪੱਟੀਆਂ ਸਨ। ਅਸੀਰਿਆ ਵਿੱਚ ਅਜਿਹੀਆਂ ਅਨੇਕ ਪੱਟੀਆਂ ਖੁਦਾਈ ਵਿੱਚ ਮਿਲੀਆਂ ਹਨ। ਇਸ ਤੋਂ ਪਹਿਲਾਂ ਗੁਰੂ ਆਪਣੇ ਚੇਲਿਆਂ ਨੂੰ, ਪਿਤਾ ਆਪਣੇ ਪੁੱਤਰਾਂ ਨੂੰ ਧਰਮਗ੍ਰੰਥ, ਆਚਾਰ-ਸੰਸਕਾਰ, ਵੇਦ-ਪੁਰਾਣ ਆਦਿ ਬਚਪਨ ਤੋਂ ਹੀ ਰਟਾਉਣਾ ਸ਼ੁਰੂ ਕਰ ਦਿੰਦੇ ਸਨ। ਸਾਰੇ ਗ੍ਰੰਥ ਬਸ ਯਾਦਦਾਸ਼ਤ ਤੇ ਹੀ ਸੁਰੱਖਿਅਤ ਸਨ। ਅਸਲੀ ਮੰਤਰ ਅਤੇ ਗ੍ਰੰਥ ਸਮੇਂ ਦੇ ਨਾਲ ਬਦਲ ਜਾਂਦੇ ਜਾਂ ਫਿਰ ਉਹਨਾਂ ਨੂੰ ਭੁਲਾ ਦਿੱਤਾ ਜਾਂਦਾ।

ਸਿਕੰਦਰ ਨੇ ਮਿਸਰ ਵਿੱਚ ਗ੍ਰੰਥਾਂ ਨੂੰ ਸੁਰੱਖਿਅਤ ਰੱਖਣ ਦਾ ਦੂਸਰਾ ਉਪਾਅ ਖੋਜ ਲਿਆ ਸੀ। ਉਹ ਸੀ ਪੈਪਾਈਰਸ ਨਾਮ ਦੇ ਸਰਕੰਡੇ ਦੇ ਗੁਦੇ ਨੂੰ ਪੀਟ-ਪੀਟ ਕੇ ਚਪਟਾ ਕਰ ਦਿਤਾ ਜਾਂਦਾ। ਫਿਰ ਉਹਨਾਂ ਨੂੰ ਆਪਸ ਵਿੱਚ ਜੋੜ ਕੇ ਇਕ ਲੰਮੀ ਪੱਟੀ ਬਣਾ ਲੈਂਦੇ। ਇਸ ਦੇ ਸਿਰਿਆਂ ਤੇ ਲੱਕੜੀ ਲਗੀ ਰਹਿੰਦੀ ਸੀ। ਇਸ ਨੂੰ ਸਰਕੋਲ ਕਹਿੰਦੇ ਸਨ। ਇਕ ਪਾਸੇ ਖੋਲ੍ਹ ਕੇ ਪੜਦੇ ਜਾਂਦੇ ਅਤੇ ਦੂਸਰੇ ਪਾਸੇ ਤੋਂ ਲਪੇਟਦੇ ਜਾਂਦੇ ਸਨ। ਧਨਵਾਨ ਲੋਕ ਲੱਕੜੀ ਦੀ ਜਗ੍ਹਾ ਹਾਥੀ ਦੰਦ, ਸਿੰਗ ਅਤੇ ਚੰਦਨ ਦੀ ਲੱਕੜੀ ਲਗਵਾਉਂਦੇ ਸਨ। ਸਿਕੰਦਰ ਦੁਆਰਾ ਸਿਕੰਦਰੀਆ ਨਗਰ ਵਿੱਚ ਬਣਾਈ ਗਈ ਇਹ ਦੁਨੀਆ ਦੀ ਦੂਸਰੀ ਲਾਇਬ੍ਰੇਰੀ ਸੀ। ਹਵਾ, ਪਾਣੀ ਅਤੇ ਧੁੱਪ ਦਾ ਸਮੇਂ ਦੇ ਨਾਲ-ਨਾਲ ਇਹਨਾਂ ਤੇ ਪ੍ਰਭਾਵ ਪੈਂਦਾ ਸੀ ਅਤੇ ਸੁੱਕ ਕੇ ਝੜ ਜਾਂਦੇ ਸਨ ਜਾਂ ਪਾਣੀ ਵਿੱਚ ਗਲ ਜਾਂਦੇ ਸਨ। ਇਸ ਲਈ ਇਹਨਾਂ ਨੂੰ ਵਾਰ-ਵਾਰ ਲਿਖਣਾ ਪੈਂਦਾ ਸੀ।

ਇਹਨਾਂ ਪੁਸਤਕਾਂ ਨੂੰ ਹੱਥ ਨਾਲ ਲਿਖਣ ਵਿੱਚ ਸਮਾਂ ਅਤੇ ਮਿਹਨਤ ਜ਼ਿਆਦਾ ਲੱਗਦੀ ਸੀ। ਮੱਧਕਾਲ ਤਕ ਪੁਸਤਕ ਹੱਥ ਨਾਲ ਲਿਖੀ ਜਾਂਦੀ ਰਹੀ। ਇਸ ਲਈ ਇਹਨਾਂ ਨੂੰ ਸੰਭਾਲ ਕੇ ਰੱਖਣਾ ਪੈਂਦਾ ਸੀ। ਇਸ ਤਰ੍ਹਾਂ ਦੀਆਂ ਕਿਤਾਬਾਂ ਨੂੰ ਵੱਖ-ਵੱਖ ਜ਼ੰਜੀਰਾਂ ਨਾਲ ਬੰਨ ਕੇ ਰੱਖਿਆ ਜਾਂਦਾ ਸੀ। ਜ਼ੰਜੀਰਾਂ ਦਾ ਦੂਸਰਾ ਸਿਰਾ ਅਲਮਾਰੀਆਂ ਨਾਲ ਜੁੜਿਆ ਰਹਿੰਦਾ ਸੀ। ਇਹ ਲਾਇਬ੍ਰੇਰੀਆਂ ਚੇਨ ਲਾਇਬ੍ਰੇਰੀ ਕਹਾਉਂਦੀਆਂ ਸਨ। ■

# ਫੁੱਲਾਂ ਉਤੇ ਸੈਰ ਹੈ ਕਰਦੀ

– ਅਮਨਪ੍ਰੀਤ ਸਿੰਘ

ਫੁੱਲਾਂ ਉੱਤੇ ਸੈਰ ਹੈ ਕਰਦੀ।
ਰਸ ਪੀ ਕੇ ਅਪਣਾ ਪੇਟ ਹੈ ਭਰਦੀ।
ਲਾਵੋ ਆਪਣਾ ਪੂਰਾ ਧਿਆਨ।
ਬੁੱਝੋਂ ਬੱਚਿਓ ਉਸਦਾ ਨਾਮ।

ਰੰਗ-ਬਰੰਗੀ ਸੋਹਣੀ ਲੱਗੇ।
ਹਰ ਕੋਈ ਉਸ ਨੂੰ ਫੜਨ ਨੂੰ ਭੱਜੇ।
ਉਸ ਬਿਨ ਨਹੀਂ ਬਾਗਾਂ ਦੀ ਸ਼ਾਨ।
ਬੁੱਝੋ ਬੱਚਿਓ ਉਸਦਾ ਨਾਮ।

ਨੱਚਦੀ ਟੱਪਦੀ ਖੁਸ਼ੀ ਮਨਾਉਂਦੀ।
ਬਾਗਾਂ ਦੇ ਵਿੱਚ ਧੁੰਮਾਂ ਪਾਉਂਦੀਂ।
ਹੋਰ ਨਹੀਂ ਹੈ ਉਸ ਦਾ ਕਾਮ।
ਬੁੱਝੋ ਬੱਚਿਓ ਉਸਦਾ ਨਾਮ।

ਉਸ ਦੇ ਛੋਟੇ-ਛੋਟੇ ਖੰਭ ਸੋਹਣੇ।
ਹਰ ਇੱਕ ਨੂੰ ਮਨਮੋਹਣੇ।
ਸ਼ਾਂਤੀ ਦੀ ਹੈ ਉਹ ਪਹਿਚਾਨ।
ਬੁੱਝੋ ਬੱਚਿਓ ਉਸ ਦਾ ਨਾਮ।

ਨਾ ਉਹ ਲੜਦੀ ਨਾ ਸ਼ੋਰ ਮਚਾਉਂਦੀ।
ਇੱਕ ਫੁੱਲ ਤੋਂ ਦੂਜੇ ਫੁੱਲ ਹੈ ਜਾਂਦੀ।
ਸਭ ਬੱਚਿਆਂ ਨੂੰ ਕਰੇ ਪਿਆਰ।
ਬੱਚਿਉ ਤਿੱਤਲੀ ਹੈ ਉਸ ਦਾ ਨਾਮ।



ਬਾਲ ਕਹਾਣੀ

# ਠੱਗੀ ਮਹਿੰਗੀ ਪਈ


– ਦੀਪਾਂਸ਼ੂ ਜੈਨ

ਰਾਜਸਥਾਨ ਦੇ ਕਿਸੇ ਪਿੰਡ ਵਿੱਚ ਰਾਮਧਨ ਨਾਮਕ ਕਿਸਾਨ ਰਹਿੰਦਾ ਸੀ। ਸਿੱਧਾ-ਸਾਦਾ ਆਦਮੀ ਸੀ ਪਰ ਸੀ ਬੜਾ ਚਲਾਕ। ਕੀ ਮਜ਼ਾਲ ਕਿ ਕੋਈ ਉਹਨੂੰ ਧੋਖਾ ਦੇ ਜਾਏ। ਉਸ ਦੇ ਪਿੰਡ ਵਿੱਚ ਹਮੇਸ਼ਾਂ ਪਾਣੀ ਦੀ ਕਿੱਲਤ ਰਹਿੰਦੀ ਸੀ। ਖੂਹ ਵੀ ਨਹੀਂ ਸੀ। ਪਾਣੀ ਦੂਰੋਂ ਲਿਆਉਣਾ ਪੈਂਦਾ ਸੀ।

ਰਾਮਧਨ ਦੇ ਪਿਤਾ ਹਰ ਕਿਸੇ ਦੀ ਗੱਲ ਤੇ ਭਰੋਸਾ ਕਰ ਲੈਂਦੇ ਸਨ। ਦੂਸਰਿਆਂ ਦੀ ਗੱਲ ਮੰਨ ਕੇ ਬੇਟੇ ਨਾਲ ਲੜ-ਝਗੜ ਵੀ ਪੈਂਦੇ ਸਨ। ਇੱਕ ਵਾਰ ਰਾਮਧਨ ਦੇ ਪਿਤਾ ਲੜ-ਝਗੜ ਕੇ ਕਿਤੇ ਚਲੇ ਗਏ। ਹਫ਼ਤਿਆਂ ਤੱਕ ਪਿੰਡ ਵਾਪਿਸ ਨਹੀਂ ਆਏ। ਰਾਮਧਨ ਨੂੰ ਚਿੰਤਾ ਹੋਈ। ਉਸ ਨੇ ਉਹਨਾਂ ਨੂੰ ਲੱਭਣ ਦਾ ਨਿਸ਼ਚਾ ਕੀਤਾ। ਸਰਦੀ ਦਾ ਮੌਸਮ ਸੀ। ਉਸ ਨੇ ਚਾਰ ਕੰਬਲ ਆਪਣੇ ਨਾਲ ਲਏ ਅਤੇ ਪਿਤਾ ਨੂੰ ਲੱਭਣ ਨਿਕਲਿਆ। ਲੱਭਦੇ-ਲੱਭਦੇ ਉਹ ਦੂਰ ਨਿਕਲ ਗਿਆ। ਪਿੰਡ ਨਦੀ ਦੇ ਕਿਨਾਰੇ ਵੱਸਿਆ ਹੋਣ ਦੇ ਕਾਰਣ ਉਸ ਪਿੰਡ ਵਿੱਚ ਪਾਣੀ ਨਾਲ ਭਰਿਆ ਇੱਕ ਖੂਹ ਸੀ। ਇੱਕ ਕਿਸਾਨ ਬੱਲਦਾਂ ਦੀ ਮਦਦ ਨਾਲ ਹਲਟ ਚਲਾ ਰਿਹਾ ਸੀ। ਹਲਟ ਦੇ ਕੋਲ ਹੀ ਕਿਸਾਨ ਦੇ ਤਿੰਨ ਸਾਥੀ ਬੈਠੇ ਗੱਪਸ਼ਪ ਮਾਰ ਰਹੇ ਸਨ। ਹਲਟ ਦੀਆਂ ਬਾਲਟੀਆਂ ਵਾਲੀ ਪਾਣੀ ਦੀ ਧਾਰ ਵਹਿੰਦੀ ਹੋਈ ਖੇਤ ਸਿੰਚ ਰਹੀ ਸੀ।

ਰਾਮਧਨ ਨੇ ਇਹ ਵੇਖਿਆ ਤਾਂ ਹੈਰਾਨੀ ਵਿੱਚ ਪੈ ਗਿਆ। ਇਸ ਤੋਂ ਪਹਿਲਾਂ ਉਸ ਨੇ ਕਦੇ ਹਲਟ ਨਹੀਂ ਵੇਖਿਆ ਸੀ। ਉਸ ਨੇ ਪਹਿਲਾਂ ਤਾਂ ਪਾਣੀ ਨੂੰ ਛੂਹ ਕੇ ਵੇਖਿਆ, ਫਿਰ ਹੱਥ ਧੋ ਕੇ ਪਾਣੀ ਪੀਤਾ। ਉਸ ਦੀ ਥਕਾਵਟ ਦੂਰ ਹੋ ਗਈ।

ਰਾਮਧਨ ਨੇ ਕਿਸਾਨ ਤੋਂ ਪੁੱਛਿਆ- ਭਾਈ, ਤੁਹਾਡਾ ਖੂਹ ਤਾਂ ਬਹੁਤ ਵਧੀਆ ਹੈ। ਪਰ ਇੱਕ ਗੱਲ ਸਮਝ ਵਿੱਚ ਨਹੀਂ ਆਈ ਕਿ ਕੌਣ ਇਸ ਖੂਹ ਦੇ ਅੰਦਰ ਬੈਠਾ ਐਨੀਆਂ ਸਾਰੀਆਂ ਬਾਲਟੀਆਂ ਨੂੰ ਭਰ ਰਿਹਾ ਹੈ? ਕੀ ਉਹ ਥੱਕਦਾ ਨਹੀਂ ਹੈ?



ਰਾਮਧਨ ਦੀ ਗੱਲ ਸੁਣ ਕੇ ਕਿਸਾਨ ਹੱਸ ਕੇ ਬੋਲਿਆ- ਬਾਲਟੀਆਂ ਨੂੰ ਤੇਰਾ ਬਾਪ ਭਰ ਰਿਹਾ ਹੈ। ਉਸ ਦੇ ਪਾਣੀ ਨਾਲ ਖੇਤੀ ਦੀ ਸਿੰਚਾਈ ਹੋ ਰਹੀ ਹੈ।

ਰਾਮਧਨ ਨੇ ਕਿਹਾ- ਅੱਛਾ ਮੇਰਾ ਬਾਪ ਇਥੇ ਆ ਗਿਆ। ਪਰ ਭਾਈ, ਇਸ ਕੜਾਕੇ ਦੀ ਠੰਡ ਵਿੱਚ ਵੀ ਉਹ ਖੂਹ ਵਿੱਚ ਬੈਠਾ ਬਾਲਟੀਆਂ ਨੂੰ ਭਰ ਰਿਹਾ ਹੈ। ਕੀ ਉਸ ਨੂੰ ਠੰਡ ਨਹੀਂ ਲੱਗਦੀ?

ਰਾਮਧਨ ਦੀ ਗੱਲ ਸੁਣ ਕੇ ਇਸ ਵਾਰ ਕਿਸਾਨ ਨੂੰ ਹਾਸਾ ਆ ਗਿਆ। ਨਾਲ ਬੈਠੇ ਦੂਸਰੇ ਲੋਕ ਵੀ ਹੱਸਣ ਲੱਗੇ। ਕਿਸਾਨ ਨੇ ਰਾਮਧਨ ਨੂੰ ਕਿਹਾ- ਹਾਂ, ਸਰਦੀ ਤਾਂ ਜ਼ਰੂਰ ਲੱਗ ਰਹੀ ਹੋਵੇਗੀ। ਜੇਕਰ ਤੈਨੂੰ ਆਪਣੇ ਪਿਤਾ ਦੀ ਐਨੀ ਹੀ ਚਿੰਤਾ ਹੈ ਤਾਂ ਇਹ ਚਾਰੇ ਕੰਬਲ ਮੈਨੂੰ ਦੇ ਦੇ। ਮੈਂ ਉਸ ਨੂੰ ਪਹੁੰਚਾ ਦੇਵਾਂਗਾ।

ਕੋਲ ਬੈਠੇ ਸਾਥੀਆਂ ਨੇ ਵੀ ਕਿਹਾ - ਹਾਂ ਭਾਈ, ਕਿਸਾਨ ਠੀਕ ਹੀ ਤਾਂ ਕਹਿ ਰਿਹਾ ਹੈ। ਕੰਬਲ ਦੇ ਦਿਉ।

ਰਾਮਧਨ ਕੁੱਝ ਸੋਚਣ ਲੱਗਾ। ਫਿਰ ਬੋਲਿਆ- ਤੁਸੀਂ ਠੀਕ ਕਹਿ ਰਹੇ ਹੋ। ਲਉ, ਕੰਬਲ ਉਹਨਾਂ ਨੂੰ ਦੇ ਦੇਣਾ। ਮੇਰੀ ਰਾਮ-ਰਾਮ ਕਹਿ ਦੇਣਾ। ਮੈਂ ਫਿਰ ਆ ਕੇ ਮਿਲਾਂਗਾ। -ਕਹਿੰਦੇ ਹੋਏ ਉਸ ਨੇ ਕੰਬਲ ਦੇ ਦਿੱਤੇ।

ਰਾਮਧਨ ਅੱਗੇ ਵੱਧ ਗਿਆ। ਉਸ ਦੇ ਜਾਣ ਦੇ ਬਾਦ ਕਿਸਾਨ ਅਤੇ ਉਸ ਦੇ ਸਾਥੀ ਉਸ ਦੀ ਬੇਵਕੂਫੀ ਤੇ ਬੜੀ ਦੇਰ ਤੱਕ ਹੱਸਦੇ ਰਹੇ।

ਕਿਸਾਨ ਦੇ ਤਿੰਨਾਂ ਸਾਥੀਆਂ ਨੇ ਕਿਹਾ - ਹੁਣ ਸਾਨੂੰ ਚਾਰੇ ਕੰਬਲ ਆਪਸ ਵਿੱਚ ਵੰਡ ਲੈਣੇ ਚਾਹੀਦੇ ਹਨ।

ਕਿਸਾਨ ਲਾਲਚੀ ਸੀ। ਬੋਲਿਆ- ਕੰਬਲ ਤਾਂ ਮੈਂ ਹੀ ਰੱਖਾਂਗਾ। ਮੈਂ ਹੀ ਆਪਣੀ ਹੁਸ਼ਿਆਰੀ ਨਾਲ ਉਸ ਨੂੰ ਬੁੱਧੂ ਬਣਾਇਆ ਹੈ। ਕਿਸਾਨ ਦੇ ਸਾਥੀ ਬਹੁਤ ਨਰਾਜ਼ ਹੋ ਗਏ। ਉਹਨਾਂ ਨੇ ਪਿੰਡ ਵਿੱਚ ਸਾਰਿਆਂ ਨੂੰ ਸਾਰੀ ਗੱਲ ਦੱਸ ਦਿੱਤੀ।

ਮਹੀਨੇ ਗੁਜ਼ਰ ਗਏ। ਖੇਤ ਵਿੱਚ ਕਣਕ ਦੀ ਫਸਲ ਪੱਕ ਕੇ ਲਹਿਰਾਉਣ ਲੱਗੀ। ਕਿਸਾਨ ਦਾ ਪਰਿਵਾਰ ਫਸਲ ਵੱਢਣ ਵਿੱਚ ਰੁੱਝਿਆ ਹੋਇਆ ਸੀ। ਇੱਕ ਦਿਨ ਰਾਮਧਨ ਆ ਧਮਕਿਆ।

ਕਿਸਾਨ ਨੇ ਉਸ ਨੂੰ ਪਛਾਣ ਲਿਆ। ਹੱਸਦੇ ਹੋਏ ਪੁੱਛਿਆ- ਕਹੋ ਭਾਈ, ਕਿਵੇਂ ਆਉਣਾ ਹੋਇਆ? ਤੁਹਾਡੇ ਪਿਤਾ ਖੂਬ ਮਜ਼ੇ ਵਿੱਚ ਹਨ। ਕੰਬਲ ਲੈ ਕੇ ਉਹ ਖੂਹ ਵਿੱਚ ਖੂਬ ਮਜ਼ੇ ਨਾਲ ਸੌਂ ਰਹੇ ਹਨ। ਇਸ ਵਾਰ ਉਹਨਾਂ ਨੂੰ ਕੀ ਦੇਣ ਆਏ ਹੋ?

ਰਾਮਧਨ ਨੇ ਭੋਲੇਪਨ ਨਾਲ ਉੱਤਰ ਦਿੱਤਾ- ਭਾਈ, ਇਸ ਵਾਰ ਮੈਂ ਕੁੱਝ ਦੇਣ ਨਹੀਂ, ਕਣਕ ਦੀ ਅੱਧੀ ਫਸਲ ਅਤੇ ਆਪਣੇ ਪਿਤਾ ਨੂੰ ਵਾਪਸ ਲੈਣ ਆਇਆ ਹਾਂ।

ਕਿਸਾਨ ਉਸ ਨੂੰ ਵੇਖਦਾ ਰਹਿ ਗਿਆ ਅਤੇ ਬੋਲਿਆ - ਫਸਲ! ਉਹ ਕਿਵੇਂ?

ਰਾਮਧਨ ਨੇ ਭੋਲੇਪਨ ਨਾਲ ਕਿਹਾ- ਭਾਈ, ਮੇਰੇ ਪਿਤਾ ਨੇ ਕੜਾਕੇ ਦੀ ਠੰਡ ਵਿੱਚ ਠਿਠੁਰਦੇ ਹੋਏ ਬਾਲਟੀਆਂ ਵਿੱਚ ਪਾਣੀ ਭਰਿਆ ਸੀ। ਉਸੇ ਨਾਲ ਫਸਲ ਦੀ ਸਿੰਚਾਈ ਹੋਈ ਹੈ। ਤੂੰ ਖੁਦ ਇਹ ਗੱਲ ਕਹੀ ਸੀ। ਹੁਣ ਦੱਸ ਮੈਂ ਅੱਧੀ ਫਸਲ ਦਾ ਹੱਕਦਾਰ ਹਾਂ ਕਿ ਨਹੀਂ?

ਕਿਸਾਨ ਇੰਝ ਕਿਵੇਂ ਮੰਨਣ ਵਾਲਾ ਸੀ। ਉਹ ਰਾਮਧਨ ਨੂੰ ਬੁਰਾ-ਭਾਲ ਕਹਿਣ ਲੱਗਾ। ਰਾਮਧਨ ਨੇ ਪਿੰਡ ਦੀ ਪੰਚਾਇਤ ਵਿੱਚ ਸ਼ਿਕਾਇਤ ਕੀਤੀ।

ਕਿਸਾਨ ਦੇ ਤਿੰਨਾਂ ਸਾਥੀਆਂ ਨੇ ਸੋਚਿਆ- ਕਿਸਾਨ ਨੂੰ ਉਸ ਦੀ ਠੱਗੀ ਦਾ ਪੂਰਾ ਮਜ਼ਾ ਚਖਾਉਣਾ ਚਾਹੀਦਾ ਹੈ। ਚਾਰੇ ਕੰਬਲ ਹੜੱਪ ਕੇ ਬਹੁਤ ਹੁਸ਼ਿਆਰ ਬਣਦਾ ਸੀ।

ਪੰਚਾਂ ਨੇ ਪੂਰੀ ਗੱਲ ਸੁਣੀ। ਫਿਰ ਰਾਮਧਨ ਨੂੰ ਕਿਹਾ- ਕਿਸਾਨ ਨੇ ਤੇਰੇ ਨਾਲ ਮਜ਼ਾਕ ਕੀਤਾ ਸੀ। ਭਲਾ, ਕੋਈ ਆਦਮੀ ਇਹ ਕੰਮ ਕਰ ਸਕਦਾ ਹੈ?

ਰਾਮਧਨ ਨੇ ਸਹਿਜਤਾ ਨਾਲ ਉੱਤਰ ਦਿੱਤਾ। -ਮੈਂ ਕੀ ਜਾਣਾ? ਮੈਂ ਠਹਿਰਿਆ ਭੋਲਾ-ਭਾਲਾ। ਮੇਰੇ ਪਿੰਡ ਵਿੱਚ ਐਨਾ ਵਧੀਆਂ ਖੂਹ ਨਹੀਂ ਹੈ। ਨਾ ਮੈਂ ਕਦੇ ਹਲਟ ਚੱਲਦਾ ਵੇਖਿਆ ਹੈ। ਰਹੀ ਗੱਲ ਮਜ਼ਾਕ ਦੀ। ਇਹ ਤਾਂ ਕਿਸਾਨ ਨੂੰ ਕੰਬਲ ਹੜੱਪਦੇ ਸਮੇਂ ਸੋਚਣਾ ਚਾਹੀਦਾ ਸੀ। ਮੈਂ ਤਾਂ

ਇਸ ਦੀ ਗੱਲ ਸੱਚੀ ਸਮਝੀ, ਕੰਬਲ ਦੇ ਦਿੱਤੇ। ਹੁਣ ਮੈਨੂੰ ਨਿਆਂ ਮਿਲਣਾ ਚਾਹੀਦਾ ਹੈ।

ਪੰਚਾਂ ਨੇ ਗਵਾਹੀ ਲਈ ਕਿਸਾਨ ਦੇ ਸਾਥੀਆਂ ਨੂੰ ਬੁਲਾਇਆ। ਉਹ ਕਿਸਾਨ ਤੋਂ ਚਿੜ ਹੀ ਰਹੇ ਸਨ। ਉਹਨਾਂ ਨੇ ਤੁਰੰਤ ਕਿਹਾ - ਰਾਮਧਨ ਠੀਕ ਕਹਿੰਦਾ ਹੈ। ਕਿਸਾਨ ਨੇ ਝੂਠ ਬੋਲ ਕੇ ਇਸ ਦੇ ਚਾਰ ਕੰਬਲ ਲਏ ਸਨ।

ਪੰਚਾਂ ਨੇ ਫੈਸਲਾ ਦਿੱਤਾ। - ਰਾਮਧਨ ਨੂੰ ਕਿਸਾਨ ਨੇ ਝੂਠ ਬੋਲ ਕੇ ਠੱਗਿਆ। ਹੁਣ ਉਸ ਨੂੰ ਆਪਣੀ ਅੱਧੀ ਫਸਲ ਹਰਜਾਨੇ ਵਿੱਚ ਦੇਣੀ ਪਏਗੀ। ਨਾਲ ਹੀ ਰਾਮਧਨ ਦੇ ਪਿਤਾ ਨੂੰ ਵੀ ਲੱਭ ਕੇ ਲਿਆਉਣਾ ਪਏਗਾ।


ਵਿਚਾਰਾ ਕਿਸਾਨ ਇੱਧਰ-ਉਧਰ ਵੇਖਣ ਲੱਗਾ। ਪਿੰਡ ਵਾਲਿਆਂ ਦੇ ਅੱਗੇ ਉਸ ਦੀ ਇੱਕ ਨਾਲ ਚੱਲ ਸਕੀ। ਉਸ ਨੂੰ ਅੱਧੀ ਫਸਲ ਰਾਮਧਨ ਨੂੰ ਦੇਣੀ ਪਈ। ਪਰ ਉਹ ਉਸ ਦੇ ਪਿਤਾ ਨੂੰ ਕਿਥੋਂ ਲੱਭ ਕੇ ਲਿਆਉਂਦਾ। ਉਹ ਰਾਮਧਨ ਨੂੰ ਬੋਲਿਆ- ਭਾਈ, ਅੱਧੀ ਫਸਲ ਲੈ ਚੁੱਕੇ ਹੋ। ਹੁਣ ਤਾਂ ਮਾਫ਼ ਕਰ ਦਿਉ, ਮੈਂ ਤੇਰੇ ਪਿਤਾ ਨੂੰ ਕਿਥੋਂ ਲੱਭ ਕੇ ਲਿਆਵਾਂਗਾ? ਮੈਂ ਤਾਂ ਉਹਨਾਂ ਨੂੰ ਜਾਣਦਾ ਵੀ ਨਹੀਂ। ਚਾਹੋ ਤਾਂ ਕੁੱਝ ਹੋਰ ਜੁਰਮਾਨਾ ਲੈ ਲਉ।

ਇਹ ਸੁਣ ਕੇ ਰਾਮਧਨ ਨੂੰ ਹਾਸਾ ਆ ਗਿਆ। ਬੋਲਿਆ- ਬਸ, ਹਾਰ ਗਏ। ਬੜੇ ਹੁਸ਼ਿਆਰ ਬਣਦੇ ਸੀ। ਜਾਉ, ਮਾਫ਼ ਕੀਤਾ। ਮੇਰੇ ਪਿਤਾ ਜੀ ਘਰ ਵਾਪਿਸ ਆ ਗਏ ਹਨ। ਯਾਦ ਰੱਖੋ, ਫਿਰ ਕਿਸੇ ਨੂੰ ਧੋਖਾ ਨਾ ਦੇਣਾ, ਵਰਨਾ ਸਾਰੀ ਫਸਲ ਗੁਵਾ ਬੈਠੋਗੇ। ਜੁਰਮਾਨਾ ਵੱਖਰਾ ਭਰੋਗੇ। -ਕਹਿੰਦਾ ਹੋਇਆ ਉਹ ਘਰ ਵਾਪਸ ਚਲਾ ਗਿਆ। ■



# ਅੰਨ ਦਾ ਆਦਰ ਕਰੀਏ

- ਜੈਕੀ ਨਿਰੰਕਾਰੀ



ਸਮਰਾਟ ਵਿਕਰਮਾਦਿਤਯ ਆਪਣੇ ਲਾਵ-ਲਸ਼ਕਰ ਦੇ ਨਾਲ ਇੱਕ ਵਾਰ ਕਿਤੇ ਜਾ ਰਿਹਾ ਸੀ। ਸਵਾਰੀ ਜਦੋਂ ਝੋਨਾ ਮੰਡੀ ਤੋਂ ਗੁਜ਼ਰ ਰਹੀ ਸੀ, ਤਦੇ ਸਮਰਾਟ ਨੇ ਵੇਖਿਆ ਕਿ ਜ਼ਮੀਨ ਤੇ ਅਨਾਜ ਦੇ ਦਾਣੇ ਖਿਲਰੇ ਪਏ ਹਨ। ਵੇਖ ਕੇ ਉਹ ਹਾਥੀ ਤੋਂ ਉਤਰੇ ਅਤੇ ਖੁਸ਼ ਹੋ ਕੇ ਬੋਲੇ- ਵਾਹ! ਜ਼ਮੀਨ ਤੇ ਐਨੇ ਸਾਰੇ ਹੀਰੇ ਖਿਲਰੇ ਪਏ ਹਨ। ਇਹ ਕਹਿ ਕੇ ਉਹ ਅਨਾਜ਼ ਦੇ ਦਾਣਿਆਂ ਨੂੰ ਆਪਣੇ ਹੱਥਾਂ ਨਾਲ ਚੁਗਣ ਲੱਗਾ। ਉਹਨਾਂ ਨੂੰ ਇੰਝ ਕਰਦੇ ਵੇਖ ਕੇ ਮੰਤਰੀ ਅਤੇ ਹੋਰ ਬਾਕੀ ਲੋਕ ਵੀ ਖਿਲਰੇ ਦਾਣਿਆਂ ਨੂੰ ਸਮੇਟਣ ਲੱਗੇ। ਵੇਖਦੇ ਹੀ ਵੇਖਦੇ ਅਨਾਜ਼ ਦੇ ਉਹਨਾਂ ਦਾਣਿਆਂ ਨਾਲ ਸਮਰਾਟ ਅਤੇ ਬਾਕੀ ਲੋਕਾਂ ਨੇ ਝੋਲੀ ਭਰ ਲਈ। ਫਿਰ ਸਾਰਿਆਂ ਨੂੰ ਸੰਬੋਧਿਤ ਕਰਦੇ ਹੋਏ ਉਹ ਬੋਲੇ- ਸਾਰੇ ਰਾਜ ਵਿੱਚ ਅਨਾਜ਼ ਦੀ ਘਾਟ ਦਾ ਵੱਡਾ ਕਾਰਣ ਉਸ ਦੀ ਬਰਬਾਦੀ ਅਤੇ ਅਨਾਦਰ ਹੈ। ਘੱਟੋ-ਘੱਟ ਅੱਠ ਦਸ ਲੋਕਾਂ ਦਾ ਢਿੱਡ ਤਾਂ ਇਸ ਨਾਲ ਭਰ ਹੀ ਜਾਏਗਾ ਜਦਕਿ ਅਸੀਂ ਇਹਨਾਂ ਨੂੰ ਆਪਣੇ ਪੈਰਾਂ ਹੇਠ ਰੋਲ ਰਹੇ ਸੀ।

ਕਹਿੰਦੇ ਹਨ ਕਿ ਸਮਰਾਟ ਵਿਕਰਮਾਦਿਤ ਦੇ ਸ਼ਾਸਨ ਕਾਲ ਵਿੱਚ ਸਾਰੇ ਦੇਸ਼ ਵਿੱਚ ਅਨਾਜ਼ ਦੀ ਘਾਟ ਨਹੀਂ ਰਹੀ।

ਆਉ! ਪ੍ਰਣ ਕਰੀਏ ਕਿ ਅਸੀਂ ਕਿਸੇ ਵੀ ਭੋਜਨ ਦੀ ਬਰਬਾਦੀ ਅਤੇ ਅਨਾਦਰ ਨਾ ਕਰੀਏ ਤਾਂਕਿ ਸਾਡੇ ਭੰਡਾਰ ਭਰੇ ਰਹਿਣ ਅਤੇ ਅਸੀਂ ਖੁਸ਼ਹਾਲ ਜ਼ਿੰਦਗੀ ਜੀਅ ਸਕੀਏ। ■

# ਤਿਉਹਾਰ ਦਿਵਾਲੀ ਦਾ

– ਜਗਤਾਰ ਚਮਨ

ਖ਼ੁਸ਼ੀਆਂ ਦਾ ਤਿਉਹਾਰ ਦੀਵਾਲੀ।
ਰੌਸ਼ਨੀ ਦਾ ਉਪਹਾਰ ਦੀਵਾਲੀ।

ਦੀਵਿਆਂ ਤੇ ਲੜੀਆਂ ਦਾ ਸੋਹਣਾ,
ਹੈ ਰੋਸ਼ਨ ਮੀਨਾਰ ਦੀਵਾਲੀ।


ਖ਼ੁਸ਼ਬੂ ਮਿਠਾਈ ਦੀ ਮਹਿਕਦੀ,
ਕਰਦੀ ਮਨ ਸਰਸ਼ਾਰ ਦੀਵਾਲੀ।

ਬੰਬ-ਪਟਾਕੇ ਧੂੰਏ ਦੇ ਨਾਲ,
ਕਰੀਏ ਨਾ ਬੇਕਾਰ ਦੀਵਾਲੀ।

ਚਾਨਣ ਕਰਦੀ, ਦਿਲਾਂ 'ਚ ਸੱਚ ਦਾ,
ਮੇਟ ਦੇਵੇ ਅੰਧਕਾਰ ਦੀਵਾਲੀ।

ਰਿਸ਼ਤਿਆਂ ਨੂੰ ਰਿਸ਼ਤਿਆਂ ਨਾਲ ਬੰਨ੍ਹ ਕੇ,
ਦੇਵੇ ਜੋੜ ਪਰਿਵਾਰ ਦੀਵਾਲੀ।

ਮੇਲ-ਮਿਲਾਪ ਦੀ ਸੂਚਕ ਹੈ ਇਹ,
'ਚਮਨ' ਸਿਖਾਉਂਦੀ ਪਿਆਰ ਦੀਵਾਲੀ।



# ਕੀ ਹੁੰਦਾ ਹੈ ਵਿਸ਼ਵ ਵਿਰਸਾ?

– ਵਿਦਿਆ ਪ੍ਰਕਾਸ਼

ਵਿਸ਼ਵ ਵਿਰਸਾ ਕਿਸੇ ਦੇਸ਼ ਦੀ ਸੰਸਕ੍ਰਿਤੀ ਅਤੇ ਇਤਿਹਾਸ ਨਾਲ ਜੁੜੇ ਸਥਾਨ ਹੁੰਦੇ ਹਨ। ਇਨ੍ਹਾਂ ਵਿੱਚ ਜੰਗਲ, ਖੇਤਰ, ਪਰਬਤ, ਝੀਲ, ਮਾਰੂਥਲ, ਯਾਦਗਾਰ ਅਤੇ ਭਵਨ ਸ਼ਾਮਿਲ ਹੁੰਦੇ ਹਨ। ਵਿਸ਼ਵ ਵਿਰਸਾ ਸਥਾਨ ਕਮੇਟੀ ਰਾਹੀਂ ਇਨ੍ਹਾਂ ਸਥਾਨਾਂ ਦੀ ਚੋਣ ਕੀਤੀ ਜਾਂਦੀ ਹੈ। ਇਹ ਕਮੇਟੀ ਯੂਨੇਸਕੋ ਦੀ ਅਗਵਾਈ ਹੇਠ ਸਾਡੀਆਂ ਪ੍ਰਾਚੀਨ ਵਿਰਾਸਤਾਂ ਅਤੇ ਇਤਿਹਾਸਕ ਵਿਰਸੇ ਦੀ ਸੁਰੱਖਿਆ ਕਰਦੀ ਹੈ।

ਕਿਸੇ ਸਥਾਨ ਨੂੰ ਵਿਸ਼ਵ ਵਿਰਸੇ ਦੇ ਰੂਪ ਵਿੱਚ ਚੋਣ ਕਰਨ ਲਈ ਨਿਸ਼ਚਿਤ ਚੋਣ ਪ੍ਰਣਾਲੀ ਵਿਚੋਂ ਗੁਜ਼ਰਨਾ ਪੈਂਦਾ ਹੈ। ਕਿਸੇ ਦੇਸ਼ ਨੂੰ ਸਭ ਤੋਂ ਪਹਿਲਾਂ ਸੰਸਕ੍ਰਿਤਕ ਅਤੇ ਕੁਦਰਤੀ ਹਿਸਾਬ ਨਾਲ ਉਹਨਾਂ ਸਥਾਨਾਂ ਦੀ ਸੂਚੀ ਬਣਾਉਣੀ ਹੁੰਦੀ ਹੈ ਜਿਹਨਾਂ ਦਾ ਨਾਮ ਉਹ ਵਿਸ਼ਵ ਵਿਰਾਸਤ ਵਿੱਚ ਦਰਜ਼ ਕਰਨਾ ਚਾਹੁੰਦਾ ਹੈ। ਬਾਅਦ ਵਿੱਚ ਇਸ ਸੂਚੀ ਦਾ ਮੁਲਾਂਕਣ ਅੰਤਰਰਾਸ਼ਟਰੀ ਸਮਾਰਕ ਅਤੇ ਸਾਇਟਾਂ ਕੌਂਸਲ ਅਤੇ ਵਿਸ਼ਵ ਸੰਭਾਲ ਰਾਹੀਂ ਕੀਤਾ ਜਾਂਦਾ ਹੈ। ਇਹ ਸੰਸਥਾਵਾਂ ਵਿਸ਼ਵ ਵਿਰਾਸਤ ਕਮੇਟੀ ਨੂੰ ਆਪਣੀ ਸਿਫਾਰਸ਼ ਪੇਸ਼ ਕਰਦੀ ਹੈ। ਇਸ ਕਮੇਟੀ ਦੀ ਸਾਲ ਭਰ ਵਿੱਚ ਇੱਕ ਬੈਠਕ ਹੁੰਦੀ ਹੈ ਜਿਸ ਵਿੱਚ ਨਿਰਧਾਰਿਤ ਮਾਪਦੰਡਾਂ ਦੇ ਅਨੁਸਾਰ ਵਿਸ਼ਵ ਵਿਰਸਾ ਦੇ ਰੂਪ ਵਿੱਚ ਕਿਸੇ ਸਥਾਨ ਜਾਂ ਯਾਦਗਾਰ ਦੀ ਚੋਣ ਕੀਤੀ ਜਾਂਦੀ ਹੈ।

ਕਮੇਟੀ ਦਾ ਕਿਸੇ ਯਾਦਗਾਰ ਜਾਂ ਸਥਾਨ ਨੂੰ ਵਿਸ਼ਵ ਵਿਰਸਾ ਦੇ ਰੂਪ ਵਿੱਚ ਚੁਣਨ ਲਈ ਆਪਣਾ ਮਾਪਦੰਡ ਹੁੰਦਾ ਹੈ। ਰਚਨਾ ਅਜਿਹੀ ਹੋਵੇ ਜੋ ਮਾਨਵਨਿਰਮਿਤ ਹੋਵੇ ਅਤੇ ਸ਼ਾਨਦਾਰ ਪ੍ਰਤਿਭਾ ਦਾ ਪ੍ਰਦਰਸ਼ਨ ਕਰੇ। ਰਚਨਾ ਮਾਨਵੀ ਮੁੱਲਾਂ ਨੂੰ ਦਰਸਾਉਣ ਵਾਲੀ ਅਜਿਹੀ ਮੂਰਤ ਹੋਵੇ ਜੋ ਮਾਨਵ ਦੀ ਕਿਸੇ ਅਜਿਹੀ ਸੰਸਕ੍ਰਿਤੀ ਅਤੇ ਸਭਿਅੱਤਾ ਦੀ ਪਛਾਣ ਹੋਵੇ ਜੋ ਵਰਤਮਾਨ ਵਿੱਚ ਨਹੀਂ ਹੈ। ਕੋਈ ਇਤਿਹਾਸਕ ਇਮਾਰਤ ਹੋਵੇ ਜੋ ਵਾਸਤੂਸ਼ਾਸ਼ਤਰ ਅਤੇ ਤਕਨੀਕ ਦੀ ਮਿਸਾਲ ਹੋਵੇ। ਅਜਿਹਾ ਕੋਈ ਬੇਹਤਰੀਨ ਨਮੂਨਾ ਹੋਵੇ ਜਿਸ ਦਾ ਮਾਨਵ ਦੀ ਇਤਿਹਾਸਕ ਪਰੰਪਰਾ ਦੇ ਵਾਤਾਵਰਣ ਨਾਲ ਸੰਬੰਧ ਹੋਵੇ ਅਤੇ ਜੋ ਕਲਾ ਅਤੇ ਸਾਹਿਤ ਦੀ ਜਾਣ-ਪਛਾਣ ਹੋਵੇ।

ਇੰਡੀਅਨ ਨੈਸ਼ਨਲ ਟ੍ਰਸਟ ਫਾਰ ਆਰਟ ਐਂਡ ਕਲਚਰ ਹੇਰੀਟੇਜ ਭਾਰਤੀ ਵਿਰਸੇ ਨੂੰ ਸੰਭਾਲਣ ਵਾਲੀ ਗੈਰ ਸਰਕਾਰੀ ਸੰਸਥਾ ਹੈ। ਸੰਨ 1948 ਵਿੱਚ ਸਥਾਪਿਤ ਇਸ ਸੰਸਥਾ ਦਾ ਦਫ਼ਤਰ ਦਿੱਲੀ ਵਿੱਚ ਹੈ। ਇਸ ਦਾ ਮੁੱਖ ਮੰਤਵ ਪ੍ਰਾਚੀਨ ਵਿਰਸੇ ਦੇ ਪ੍ਰਤੀ ਲੋਕਾਂ ਵਿੱਚ ਜਾਗਰੂਕਤਾ ਲਿਆਉਣਾ ਅਤੇ ਉਹਨਾਂ ਦੀ ਸੰਭਾਲ ਕਰਨਾ ਹੈ। ਯੂਨਾਈਟੇਡ ਨੇਸ਼ਨ ਏਜੂਕੇਸ਼ਨਲ, ਸਾਈਂਟਿਫਿਕ ਐਂਡ ਕਲਚਰ ਆਰਗਨਾਈਜੇਸ਼ਨ (ਯੂਨੇਸਕੋ) ਦੀ ਸਥਾਪਨਾ ਸੰਨ 1945 ਵਿੱਚ ਹੋਈ ਸੀ। ਜਿਸ ਦਾ ਮੁੱਖ ਦਫ਼ਤਰ ਫ੍ਰਾਂਸ ਦੀ ਰਾਜਧਾਨੀ ਪੇਰਿਸ ਵਿੱਚ ਹੈ। ਇਸ ਤਾ ਮੁੱਖ ਮੰਤਵ ਮਾਨਵ ਅਧਿਕਾਰਾਂ ਅਤੇ ਸੰਸਕ੍ਰਿਤੀ ਦੀ ਰੱਖਿਆ ਕਰਨਾ ਹੈ। ■

> – ਵਿਚਾਰਾਂ ਦੀ ਆਜ਼ਾਦੀ ਹੀ ਸਭ ਤੋਂ ਵੱਡੀ ਉਮੀਦ ਹੈ। ਨਹੀਂ ਤਾਂ ਗੁਲਾਮੀ ਚਾਹੇ ਰਾਜ ਦੀ ਹੋਵੇ, ਧਰਮ ਦੀ ਹੋਵੇ, ਰੂੜੀਵਾਦ ਪਾਲਣ ਦੀ ਹੋਵੇ, ਉਸ ਤੋਂ ਵਿਅਕਤੀ ਅਤੇ ਸਮਾਜ ਨੂੰ ਮੁਕਤ ਕਰਾਉਣ ਦਾ ਫਰਜ਼ ਹੀ ਬੁੱਧੀਜੀਵੀਆਂ ਦੇ ਸਾਹਮਣੇ ਸਭ ਤੋਂ ਵੱਡਾ ਫਰਜ਼ ਹੈ।
>
> – ਡਾ: ਰਾਧਾਕ੍ਰਿਸ਼ਣਨ

# ਰੰਗ ਭਰੋ






ਨਾਂ .................................................... ਉਮਰ ......

ਪੂਰਾ ਪਤਾ ..........................................................

..........................................................................

# ਸਤੰਬਰ 2023 ਅੰਕ ਦੀ ਰੰਗ ਭਰੋ ਪ੍ਰਤਿਯੋਗਤਾ ਦਾ ਨਤੀਜਾ

**ਪਹਿਲਾ ਨੰ:**

ਸਿਦਕ ਭਾਟੀਆ (ਉਮਰ 9 ਸਾਲ)
ਵੀ.ਪੀ.ਓ. ਦੋਰਾਹਾ
ਜ਼ਿਲਾ - ਜਲੰਧਰ (ਪੰਜਾਬ)

**ਦੂਸਰਾ ਨੰ:**

ਸਤਿਗੁਰ ਸ਼ਰਨ (ਉਮਰ 13 ਸਾਲ)
ਮੁਰਗੀ ਮਹੱਲਾ, ਬਟਾਲਾ
ਜ਼ਿਲਾ - ਗੁਰਦਾਸ ਪੁਰ (ਪੰਜਾਬ)

**ਤੀਸਰਾ ਨੰ:**

ਪ੍ਰਵੀਨ ਕੌਰ (ਉਮਰ 10 ਸਾਲ)
ਨਾਨਕ ਨਗਰੀ,
ਜ਼ਿਲਾ - ਅੰਮ੍ਰਿਤਸਰ (ਪੰਜਾਬ)



## ਪਸੰਦ ਕੀਤੇ ਗਏ -

ਅਰਸ਼ਦੀਪ ਸਿੰਘ (ਰੂਪੋਵਾਲ),
ਸੁਖਪ੍ਰੀਤ ਸਿੰਘ (ਮਾਨਸਾ),
ਗੁਰਵਿੰਦਰ (ਜ਼ੀਰਾ),
ਨਵਪ੍ਰੀਤ ਕੌਰ (ਕਪੂਰਥਲਾ),
ਨਿਹਾਰਿਕਾ (ਲੁਧਿਆਣਾ),
ਪ੍ਰੇਰਣਾ (ਬੇਦੀ ਨਗਰ),
ਸਮੀਪਤਾ ਖੁਰਾਨਾ (ਜਲੰਧਰ),
ਜਸਪ੍ਰੀਤ ਕੌਰ (ਬੋਹਾ),
ਭਾਵੇਸ਼ ਬਾਂਸਲ (ਰਾਏਕੋਟ),
ਸਹਿਜ ਬਾਂਸਲ (ਪਾਤੜਾਂ),
ਗੁਰਮੁਖ ਨੂਰ (ਗੁਮਟਾਲਾ),
ਸ਼ੁਭਪ੍ਰੀਤ (ਅੰਮ੍ਰਿਤਸਰ),
ਸੁਹਾਨੀ ਗੁਪਤਾ (ਹੁਸ਼ਿਆਰਪੁਰ),
ਵਿਦਿਤ ਬਜਾਜ (ਖੁਸ਼ਹਾਲਪੁਰ),
ਰਸ਼ਮੀਤ ਕੌਰ (ਖੁਸ਼ਹਾਲ ਪੁਰ),
ਹਰਸ਼ਪ੍ਰੀਤ ਕੌਰ (ਕੁਰਾਲੀ),
ਯਸ਼ਿਕਾ (ਡੇਰਾਬਾਬਾ ਨਾਨਕ),
ਪ੍ਰਭਜੋਤ ਕੌਰ (ਭੈਰੋ ਮਾਜਰਾ)

# ਨਵੰਬਰ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ

ਪਿਛਲੇ ਸਫ਼ੇ ਤੇ ਇਕ ਚਿੱਤਰ ਦਿੱਤਾ ਗਿਆ ਹੈ। ਇਸ ਚਿੱਤਰ 'ਚ ਸੋਹਣੇ-ਸੋਹਣੇ ਰੰਗ ਭਰ ਕੇ 25 ਨਵੰਬਰ 2023 ਤਕ ਸੰਪਾਦਕ, 'ਹੰਸਤੀ ਦੁਨੀਆ', ਨਿਰੰਕਾਰੀ ਕੰਪਲੈਕਸ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-9 ਦੇ ਦਫ਼ਤਰ ਚ ਭੇਜ ਦਿਉ।

ਨਤੀਜੇ ਦੀ ਘੋਸ਼ਣਾ 'ਹੰਸਤੀ ਦੁਨੀਆ' ਦੇ ਜਨਵਰੀ 2024 ਅੰਕ 'ਚ ਕੀਤੀ ਜਾਵੇਗੀ। ਚਿੱਤਰ ਦੇ ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਜ਼ਰੂਰ ਲਿਖੋ। 15 ਸਾਲ ਦੀ ਉਮਰ ਤਕ ਦੇ ਬੱਚੇ ਹਿੱਸਾ ਲੈ ਸਕਦੇ ਹਨ।

# ਬੁਝਾਰਤਾਂ

– ਪੇਸ਼ਕਸ਼ : ਰਾਧਾ ਨਾਚੀਜ਼

1. ਗੋਲ-ਗੋਲ ਚਿਹਰਾ
ਪੇਟ ਨਾਲ ਰਿਸ਼ਤਾ ਗਹਿਰਾ।

2. ਮੈਨੂੰ ਸੁਣਾਂਦੀ ਮੇਰੀ ਨਾਨੀ,
ਆਦਿ ਕਟੇ ਤਾਂ ਹੁੰਦੀ ਹਾਨੀ।
ਬੱਚੇ ਭੁੱਲਦੇ ਖਾਣਾ-ਪਾਣੀ
ਇਕ ਸੀ ਰਾਜਾ ਇਕ ਸੀ ਰਾਣੀ

3. ਛੇ ਅੱਖਰ ਦਾ ਮੇਰਾ ਨਾਮ,
ਆਸਮਾਨ ਵਿੱਚ ਉਡਣਾ ਮੇਰਾ ਕਾਮ।
ਪਰ ਲਗਦਾ ਹੈ ਜ਼ਿਆਦਾ ਦਾਮ,
ਦੱਸੋ ਦੋਸਤੋ ਇਸ ਦਾ ਨਾਮ?

4. ਮਿੱਟੀ ਦਾ ਬਣਾਇਆ ਮਕਾਨ,
ਲੋਹੇ ਦੀ ਛੱਤ ਲਗਾਈ।
ਸਵੇਰੇ-ਸ਼ਾਮ ਉਸ ਘਰ ਵਿੱਚ,
ਰੋਜਾਨਾ ਅੱਗ ਲਗਾਈ।

5. ਹਵਾਲਾਤ ਵਿੱਚ ਬੰਦ ਪਈ ਹਾਂ,
ਫਿਰ ਵੀ ਬਾਹਰ ਪਾਓਗੇ।
ਬਿਨ ਪੈਰ ਦੇ ਚਲੂੰ ਮੈਂ,
ਬਿਨ ਮੇਰੇ ਮਰ ਜਾਉਗੇ।

6. ਅਗਰ ਕਿਤੇ ਮੈਨੂੰ ਪਾ ਜਾਂਦਾ,
ਬੜੇ ਪ੍ਰੇਮ ਨਾਲ ਤੋਤਾ ਖਾਂਦਾ।
ਬੱਚੇ, ਬੁੱਢੇ ਅਗਰ ਖਾ ਜਾਂਦੇ,
ਵਿਆਕੁਲ ਹੋ ਅੱਖਾਂ ਭਰ ਲਿਆਂਦੇ।

7. ਆਦਿ ਕਟੇ ਤਾਂ ਬਣਦਾ ਟਰ,
ਮੱਧ ਕਟੇ ਤਾਂ ਬਣਦਾ ਮਰ।
ਸਬਜ਼ੀ ਦੇ ਮੈਂ ਆਵਾਂ ਕਾਮ,
ਸੋਚੋ ਕੀ ਹੈ ਮੇਰਾ ਨਾਮ?

8. ਜਿਥੇ ਪਹੁੰਚ ਮੰਗੇ ਮੁਰਾਦ,
ਜਲੇ ਦੀਪ, ਚੜ੍ਹੇ ਪ੍ਰਸਾਦ।
ਸਾਢੇ ਤਿੰਨ ਅੱਖਰ ਦਾ ਨਾਮ,
ਹੁੰਦੀ ਪੂਜਾ ਸਵੇਰੇ-ਸ਼ਾਮ?

9 ਆਦਿ-ਅੰਤ ਕੱਟੋ ਤਾਂ ਮੇਰਾ,
ਬਣ ਜਾਂਦਾ ਹੈ ਮਾਟ।
ਲਾਜਵਾਬ ਬਣਦੀ ਹੈ ਮੇਰੀ,
ਖਾ ਕੇ ਵੇਖੋ ਚਾਟ?

10. ਮਧ ਕਟੇ ਤਾਂ ਸੁਰ ਬਣੇ,
ਆਦਿ ਕਟੇ ਤਾਂ ਨਾਰ।
ਔਰਤਾਂ ਨਾਲ ਹੀ ਚਲਦਾ,
ਜਿਸ ਦਾ ਕਾਰੋਬਾਰ?

11. ਦੇਵਨਾਗਰੀ ਜਿਸ ਦੀ ਲਿਪੀ,
ਕਹਿਲਾਂਦੀ ਸੁਰਭਾਸ਼ਾ।
ਹਿੰਦੀ ਦੀ ਹੈ ਨਾਨੀ,
ਨਾ ਸਮਝੇ ਉਹ ਅਗਿਆਨੀ?

**ਬੁਝਾਰਤਾਂ ਦੇ ਉੱਤਰ**

1. ਰੋਟੀ, 2. ਕਹਾਣੀ, 3. ਹਵਾਈ ਜਹਾਜ਼,
4. ਚੁੱਲਾ ਤਵਾ, 5. ਹਵਾ, 6. ਹਰੀ ਮਿਰਚ,
7. ਮਟਰ 8. ਮੰਦਿਰ, 9. ਟਮਾਟਰ,
10. ਸੁਨਾਰ, 11. ਸੰਸਕ੍ਰਿਤ



# ਖ਼ੂਬਸੂਰਤ ਅਤੇ ਦੁਰਲੱਭ ਪੰਛੀ

# ਜਲ ਕੁੱਕੜੀ

– ਸੁਖਮੰਦਰ ਸਿੰਘ ਤੂਰ

ਬੱਚਿਓ! ਜਲ ਕੁੱਕੜੀ ਸਮੁੱਚੀ ਦੁਨੀਆਂ ਵਿੱਚ ਮਿਲਣ ਵਾਲਾ ਬਹੁਤ ਸੁੰਦਰ ਅਤੇ ਦੁਰਲੱਭ ਪੰਛੀ ਹੈ। ਨੀਲੇ ਖੰਭਾਂ ਦੀ ਬਹੁਤਾਤ ਕਾਰਨ ਇਸ ਨੂੰ ਨੀਲੀ ਜਲ ਕੁੱਕੜੀ ਵੀ ਕਿਹਾ ਜਾਂਦਾ ਹੈ। ਭਾਰਤੀ ਜੀਵ ਵਿਗਿਆਨੀਆਂ ਨੇ 2015 ਵਿੱਚ ਘੋਖਣ ਤੋਂ ਬਾਅਦ ਭਾਰਤ ਵਿੱਚ ਮਿਲਣ ਵਾਲੀ ਸਲੇਟੀ ਸਿਰ ਵਾਲੀ ਇਸ ਨੀਲੀ ਜਲ ਕੁੱਕੜੀ ਦਾ ਨਾਂ 'ਗ੍ਰੇਹੈਡਿੱਡ ਪਰਪਲ ਸਵੈਪਹੈਨ'' ਰੱਖ ਦਿੱਤਾ ਅਤੇ ਇਸ ਨੂੰ ਇੱਕ ਵੱਖਰੀ ਜਾਤੀ ਐਲਾਨ ਦਿੱਤਾ। ਨੀਲੀ ਜਲ ਕੁੱਕੜੀ ਦੀਆਂ ਲੱਗਭਗ 130 ਜਾਤੀਆਂ ਹਨ, ਜੋ ਸਾਰੀ ਦੁਨੀਆ ਵਿਚ ਮਿਲ ਜਾਂਦੀਆਂ ਹਨ ਅਤੇ 'ਗ੍ਰੇਹੈਡਿੱਡ ਪਰਪਲ ਸਵੈਪਹੈਨ'' ਸਾਰੇ ਹਿੰਦ ਮਹਾਸਾਗਰ ਵਿੱਚ ਫੈਲੀ ਹੋਈ ਹੈ। ਇੱਥੇ ਇਹ ਮਿੱਠੇ ਅਤੇ ਖਾਰੇ ਨਾਲ ਬਣੀਆਂ ਦਲਦਲਾਂ ਅਤੇ ਛੰਭਾਂ ਦੇ ਕੋਲ ਕਾਨਿਆਂ ਦੀਆਂ ਝਾੜਿਆਂ ਵਿੱਚ 30 ਤੋਂ 35 ਪੰਛੀਆਂ ਤੱਕ ਦੀਆਂ ਟੋਲੀਆਂ ਵਿੱਚ ਘੁੰਮਦੀ ਨਜ਼ਰ ਆਉਂਦੀ ਹੈ।

ਬੱਚਿਓ, ਇਸ ਜਲ ਕੁੱਕੜੀ ਦੀ ਔਸਤਨ ਲੰਬਾਈ 45 ਤੋਂ 50 ਸੈਂਟੀਮੀਟਰ ਹੁੰਦੀ ਹੈ। ਇਸ ਦੇ ਨਰ ਦਾ ਭਾਰ 1050 ਗ੍ਰਾਮ ਅਤੇ ਮਾਦਾ ਦਾ ਭਾਰ 850 ਗ੍ਰਾਮ ਹੁੰਦਾ ਹੈ। ਇਸ ਦੀ ਔਸਤਨ ਉਮਰ 10 ਤੋਂ 12 ਸਾਲ ਹੈ, ਕੁੱਝ ਜਾਤੀ ਦੀਆਂ ਜਲ ਕੁੱਕੜੀਆਂ 15 ਤੋਂ 17 ਸਾਲ ਤੱਕ ਦੀ ਉਮਰ ਵੀ ਭੋਗਦੀਆਂ ਹਨ। ਇਸ ਦੇ ਸਲੇਟੀ ਭਾਹ ਵਾਲੇ ਨੀਲੇ ਰੰਗ ਦੇ ਸਿਰ ਅੱਗੇ ਛੋਟੀ ਪਰ ਚੌੜੀ ਭਾਰੀ ਚੁੰਝ ਸੁਰਖ ਲਾਲ ਹੁੰਦੀ ਹੈ। ਚੁੰਝ ਦੀ ਜੜ੍ਹ ਤੋਂ ਕਾਫੀ ਸਾਰਾ ਲਾਲ ਮਾਸ ਮੱਥੇ ਤੱਕ ਜਾਂਦਾ ਹੈ। ਜਿਸ ਨੂੰ ''ਫਰੰਟਲ ਸ਼ੀਲਡ'' ਕਹਿੰਦੇ ਹਨ। ਲੰਮੀ ਧੌਣ, ਛਾਤੀ ਅਤੇ ਪੇਟ ਦਾ ਅਗਲਾ ਹਿੱਸਾ ਚਮਕਦਾਰ ਨੀਲੀ ਭਾਹ ਵਾਲੇ ਜਾਮਣੀ ਰੰਗ ਦਾ ਹੁੰਦਾ ਹੈ ਇਸ ਦੀਆਂ ਅੱਖਾਂ ਵੀ ਭੂਰੀ ਭਾਹ ਵਾਲੀਆਂ ਲਾਲ ਹੁੰਦੀਆਂ ਹਨ। ਲੱਤਾਂ ਤਾਕਤਵਰ, ਮੋਟੀਆਂ ਅਤੇ ਪੰਜੇ ਵੱਡੇ ਹੁੰਦੇ ਹਨ, ਜਿੰਨ੍ਹਾਂ ਦਾ ਰੰਗ ਲਾਲ ਹੁੰਦਾ ਹੈ। ਤੁਰਨ ਵੇਲੇ ਇਹ ਆਪਣੇ ਸਿਰ ਨੂੰ ਉਪਰ ਹੇਠਾਂ ਕਰਦੀਆਂ ਆਪਣੀ ਛੋਟੀ ਜਿਹੀ ਪੂਛ ਨੂੰ ਝਟਕਦੀਆਂ ਅਤੇ ਪੈਰ ਉਪਰ ਨੂੰ ਚੁੱਕ-ਚੁੱਕ ਕੇ ਰੱਖਦੀਆਂ ਅਨਾੜੀਆਂ ਵਾਂਗ ਬਹੁਤ

ਬੇਢੱਬੀ ਜਿਹੀ ਚਾਲ ਚੱਲਦੀ ਹੈ। ਥੋੜ੍ਹਾ ਜਿਹਾ ਖਤਰਾ ਮਹਿਸੂਸ ਹੋਣ ਤੇ ਛੇਤੀ ਭੱਜ ਕੇ ਕਾਨਿਆਂ/ਝਾੜੀਆਂ ਵਿੱਚ ਲੁਕ ਜਾਂਦੀ ਹੈ।

ਜਲ ਕੁੱਕੜੀ ਦਲਦਲਾਂ ਦੇ ਪਾਸਿਆਂ ਉੱਪਰ ਕੀੜੇ-ਮਕੌੜੇ, ਪਾਣੀ ਦੇ ਪੌਦਿਆਂ ਦੇ ਗੁੱਦੇਦਾਰ ਤਣੇ ਅਤੇ ਜੜ੍ਹਾਂ ਖਾ ਕੇ ਗੁਜਾਰਾ ਕਰਦੀ ਹੈ। ਕਈ ਵਾਰ ਕੀੜੇ ਮਕੌੜੇ ਫੜ੍ਹਨ ਲਈ ਗਰਦਨ ਹੇਠਾਂ ਕਰਨ ਦੀ ਥਾਂ ਇਹ ਪੰਜਿਆਂ ਨੂੰ ਉਪਰ ਮੋੜ ਕੇ ਆਪਣੀ ਚੁੰਝ ਵਿੱਚ ਇਨ੍ਹਾਂ ਕੀੜੇ-ਮਕੌੜਿਆਂ ਨੂੰ ਪਾ ਕੇ ਖਾਂਦੀ ਹੈ। ਇਸ ਦੀ ਆਵਾਜ਼ ਵੀ ਆਮ ਪੰਛੀਆਂ ਤੋਂ ਅਨੋਖੀ ਹੁੰਦੀ ਹੈ। ਕਦੇ ਇਹ ਮੁਰਗੀਆਂ ਵਾਂਗ ਕੁੜ-ਕੁੜ ਕਰਦੀ ਹੈ, ਕਦੇ ਸੱਪ ਵਾਂਗ ਫੁੰਕਾਰੇ ਮਾਰਦੀ ਹੈ ਅਤੇ ਕਦੇ ਰੇਲਗੱਡੀ ਵਾਂਗ ਉਚੀ-ਉਚੀ ਚੀਕਾਂ ਮਾਰਦੀ ਹੈ। ਭਾਵੇਂ ਇਸ ਦੇ ਪੰਜਿਆਂ ਵਿੱਚ ਆਮ ਬੱਤਖਾਂ ਵਾਂਗ ਝਿੱਲੀ ਨਹੀਂ ਹੁੰਦੀ, ਪਰ ਤੈਰਾਕ ਬਹੁਤ ਚੰਗੀ ਹੁੰਦੀ ਹੈ।

ਜਲ ਕੁੱਕੜੀ ਦੇ ਆਂਡੇ ਦੇਣ ਸਮਾਂ ਜੂਨ ਤੋਂ ਸਤੰਬਰ ਤੱਕ ਦਾ ਹੈ। ਮਾਦਾ ਜਲ ਕੁੱਕੜੀ 3 ਤੋਂ 6 ਪਿਲਤਣ ਵਾਲੇ ਫਿਕੇ ਸਲੇਟੀ ਰੰਗ ਦੇ ਆਂਡੇ ਦਿੰਦੀ ਹੈ, ਜਿਨ੍ਹਾਂ ਉਪਰ ਕਾਲੇ ਧੱਬੇ ਹੁੰਦੇ ਹਨ। ਮਾਦਾ ਇਕੱਲੀ ਹੀ ਇਨ੍ਹਾਂ ਆਂਡਿਆਂ ਨੂੰ ਸੇਕ ਕੇ 25 ਤੋਂ 30 ਦਿਨਾਂ ਵਿੱਚ ਬੱਚੇ ਕੱਢ ਲੈਂਦੀ ਹੈ। ਇਹ ਬੱਚੇ ਹਫ਼ਤੇ ਵਿੱਚ ਹੀ ਆਪਣੇ-ਆਪ ਖੁਰਾਕ ਖਾਣ ਦੇ ਯੋਗ ਹੋ ਜਾਂਦੇ ਹਨ ਅਤੇ ਤਿੰਨ ਸਾਲ ਦੀ ਉਮਰ ਵਿੱਚ ਹੀ ਆਂਡੇ ਦੇਣ ਦੇ ਕਾਬਲ ਹੋ ਜਾਂਦੇ ਹਨ। ਸਾਗਰਾਂ ਦੇ ਪਾਣੀਆਂ ਵਿੱਚ ਵੱਧ ਰਹੇ ਜ਼ਹਿਰੀਲੇਪਣ ਨੇ ਦੂਸਰੇ ਜਲ ਜੀਵਾਂ ਵਾਂਗ ਇਸ ਪੰਛੀ ਦੀ ਹੋਂਦ ਨੂੰ ਵੀ ਖਤਰਾ ਪੈਦਾ ਕਰ ਦਿੱਤਾ ਹੈ। ਜੀਵ ਵਿਗਿਆਨੀਆਂ ਲਈ ਇਹ ਗੰਭੀਰ ਚਿੰਤਾ ਦਾ ਵਿਸ਼ਾ ਹੈ। ਇਸ ਦੁਰਲੱਭ ਪੰਛੀ ਨੂੰ ਬਚਾਉਣ ਲਈ ਹੁਣ ਤੋਂ ਯਤਨ ਕਰਨੇ ਹੋਣਗੇ। ■



# *ਲਿੰਕਨ ਦਾ ਦ੍ਰਿੜ - ਸੰਕਲਪ*

– ਖ਼ਨੇਹਾ ਨਾਗਪਾਲ

ਲਿੰਕਨ ਦੇ ਨੌਜਵਾਨੀ ਦੇ ਦਿਨਾਂ ਦੀ ਘਟਨਾ ਹੈ। ਉਹ ਬਹੁਤ ਨਿਰਧਨ ਸਨ, ਲੇਕਿਨ ਉਹਨਾਂ ਦੇ ਅੰਦਰ ਅੱਗੇ ਵਧਣ, ਕੁੱਝ ਕਰ ਗੁਜ਼ਰਣ ਦੀ ਬੜੀ ਲਲਕ ਸੀ, ਮੁਸ਼ਕਿਲ ਸੰਕਲਪ ਸੀ।

ਇੱਕ ਵਾਰ ਉਹਨਾਂ ਨੂੰ ਪਤਾ ਲੱਗਾ ਕਿ ਨਦੀ ਦੇ ਦੂਸਰੇ ਕਿਨਾਰੇ ਔਗਮੋਨ ਨਾਮਕ ਪਿੰਡ ਵਿੱਚ ਇੱਕ ਰਿਟਾਇਰਡ ਜੱਜ ਰਹਿੰਦੇ ਹਨ, ਜਿੰਨ੍ਹਾਂ ਕੋਲ ਕਾਨੂੰਨ ਦੀਆਂ ਕਿਤਾਬਾਂ ਦਾ ਚੰਗਾ ਭੰਡਾਰ ਹੈ। ਸੋ ਲਿੰਕਨ ਕੜਾਕੇ ਦੀ ਠੰਡ ਵਿੱਚ ਉਸ ਬਰਫੀਲੀ ਨਦੀ ਵਿੱਚ ਕਿਸ਼ਤੀ ਵਿੱਚ ਬੈਠ ਗਏ। ਕਿਸ਼ਤੀ ਉਹ ਖੁਦ ਚਲਾ ਰਹੇ ਸਨ। ਅੱਧੀ ਨਦੀ ਉਹਨਾਂ ਨੇ ਪਾਰ ਕੀਤੀ ਹੋਵੇਗੀ ਕਿ ਕਿਸ਼ਤੀ ਇੱਕ ਵੱਡੇ ਸਾਰੇ ਬਰਫ ਦੇ ਟੁਕੜੇ ਨਾਲ ਟਕਰਾ ਕੇ ਟੁੱਟ ਕੇ ਡੁੱਬ ਗਈ। ਫਿਰ ਵੀ ਹੌਸਲੇ ਦੇ ਧਨੀ ਨੌਜਵਾਨ ਲਿੰਕਨ ਨਿਰਾਸ ਨਹੀਂ ਹੋਏ। ਉਹਨਾਂ ਨੇ ਬੜੀ ਮੁਸ਼ਕਿਲ ਨਾਲ ਤੈਰ ਕੇ ਨਦੀ ਪਾਰ ਕੀਤੀ ਅਤੇ ਜਾ ਪਹੁੰਚੇ ਰਿਟਾਇਰਡ ਜੱਜ ਦੇ ਘਰ।

ਇਤਫ਼ਾਕ ਨਾਲ ਉਸ ਵਕਤ ਜੱਜ ਦਾ ਘਰੇਲੂ ਨੌਕਰ ਵੀ ਨਹੀਂ ਸੀ, ਇਸ ਲਈ ਲਿੰਕਨ ਨੂੰ ਜੱਜ ਦੇ ਛੋਟੇ-ਮੋਟੇ ਕੰਮ ਵੀ ਕਰਨੇ ਪਏ। ਉਹ ਜੰਗਲ ਤੋਂ ਲੱਕੜੀਆਂ ਇੱਕਠੀਆਂ ਕਰਕੇ ਲਿਆਉਂਦੇ ਅਤੇ ਘਰ ਵਿੱਚ ਪਾਣੀ ਵੀ ਭਰ ਕੇ ਲਿਆਉਂਦੇ।

ਮਿਹਨਤਾਨੇ ਦੇ ਨਾਮ ਤੇ ਉਹਨਾਂ ਨੇ ਸਿਰਫ ਇੱਕ ਹੀ ਇੱਛਾ ਪ੍ਰਗਟ ਕੀਤੀ ਕਿ ਜੱਜ ਦੀਆਂ ਸਾਰੀਆਂ ਕਿਤਾਬਾਂ ਉਹਨਾਂ ਨੂੰ ਪੜ੍ਹਨ ਲਈ ਮਿਲ ਸਕਣ।

ਜੱਜ ਨੇ ਖੁਸ਼ੀ-ਖੁਸ਼ੀ ਉਹਨਾਂ ਨੂੰ ਆਪਣੀਆਂ ਸਾਰੀਆਂ ਕਿਤਾਬਾਂ ਪੜ੍ਹਨ ਦਾ ਮੌਕਾ ਦਿੱਤਾ। ਪ੍ਰਣ ਦੇ ਧਨੀ ਲਿੰਕਨ ਅੱਗੇ ਚੱਲ ਕੇ ਅਮਰੀਕਾ ਦੇ ਰਾਸ਼ਟਰੀ ਜੀਵਨ ਵਿੱਚ ਛਾਏ ਰਹੇ ਅਤੇ ਦੇਸ਼ ਦੇ ਰਾਸ਼ਟਰਪਤੀ ਦੇ ਰੂਪ ਵਿੱਚ ਸਰਵੋਤਮ ਪੱਦਵੀ ਪ੍ਰਾਪਤ ਕੀਤੀ।

**ਸੱਚ ਹੀ ਹੈ – ਸੰਕਲਪ ਹੋਵੇ ਤਾਂ ਆਦਮੀ ਕੀ ਨਹੀਂ ਕਰ ਸਕਦਾ।**

# ਕਦੇ ਨਾ ਭੁੱਲੋ

- ਅਭਿਮਾਨੀ ਇਨਸਾਨ ਨੂੰ ਆਪਣੀ ਕੋਈ ਬੁਰਾਈ ਐ ਦੂਜੇ ਦੀ ਕੋਈ ਚੰਗਿਆਈ ਨਜ਼ਰ ਨਹੀਂ ਆਉਂਦੀ।

– ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ

- ਉਤਮ ਸਿਖਿਆ ਕਿਤੋਂ ਵੀ ਮਿਲੇ ਤਾਂ ਲੈਣ ਵਿੱਚ ਸੰਕੋਚ ਨਹੀਂ ਕਰਨਾ ਚਾਹੀਦਾ।

– ਚਾਣਕਯ

- ਦੁਨੀਆਂ ਵਿੱਚ ਸਭ ਕੁਝ ਦੁਬਾਰਾ ਮਿਲ ਸਕਦਾ ਹੈ ਪਰ ਮਾਂ-ਬਾਪ ਨਹੀਂ ਮਿਲਦੇ।

– ਸਿਸਰੋ

- ਉਹ ਵੀਰ ਨਹੀਂ ਹੈ ਜੋ ਹਜ਼ਾਰਾਂ ਨੂੰ ਜਿੱਤਦਾ ਹੈ, ਵੀਰ ਉਹ ਹੈ ਜੋ ਮਨ ਨੂੰ ਜਿੱਤਦਾ ਹੈ।

– ਗੌਤਮ ਬੁੱਧ

- ਜੋ ਬਾਣੀ ਮਨੁੱਖ ਨੂੰ ਮਨੁੱਖ ਨਾਲ ਜੋੜੇ, ਮਨੁੱਖ ਦੇ ਦਿੱਲ ਵਿੱਚ ਦੂਸਰੇ ਲਈ ਪਿਆਰ, ਭਾਈਚਾਰਾ ਅਤੇ ਨਿਮਰਤਾ ਦੀ ਭਾਵਨਾ ਉਜਾਗਰ ਕਰੇ, ਉਹੀ ਸਹੀ ਬਾਣੀ ਹੈ।

– ਰਿਗਵੇਦ

- ਜਿਥੇ ਨਿਮਰਤਾ ਨਾਲ ਕੰਮ ਨਿਕਲ ਆਏ, ਉਥੇ ਗੁੱਸਾ ਨਹੀਂ ਵਿਖਾਉਣਾ ਚਾਹੀਦਾ।
- ਤੁਸੀਂ ਕਿਸੇ ਨੂੰ ਇਕ ਵਾਰ ਮੂਰਖ ਬਣਾ ਸਕਦੇ ਹੋ, ਵਾਰ-ਵਾਰ ਨਹੀਂ।
- ਬੁੱਧੀਮਾਨ ਆਦਮੀ ਬੋਲਣ ਤੋਂ ਪਹਿਲਾ ਸੋਚਦਾ ਹੈ ਪ੍ਰੰਤੂ ਮੂਰਖ ਬੋਲਣ ਦੇ ਬਾਅਦ।

– ਪ੍ਰੇਮਚੰਦ

- ਮਨੁੱਖ ਜਿਹੋ ਜਿਹੀ ਸੰਗਤ ਵਿੱਚ ਰਹੇਗਾ, ਉਹ ਉਹੋ ਜਿਹਾ ਹੀ ਬਣ ਜਾਏਗਾ।
- ਯਾਦ ਰੱਖੋ ਕਿ ਬੀਤਿਆ ਹੋਇਆ ਸਮਾਂ ਵਾਪਿਸ ਨਹੀਂ ਆਉਂਦਾ।
- ਵਿਦਿਆ ਮਨੁੱਖ ਦਾ ਤੀਸਰਾ ਨੇਤਰ ਹੁੰਦੀ ਹੈ।

– ਵੇਦਵਿਆਸ

- ਲੋਭੀ ਮਨੁੱਖ ਦੀ ਕਾਮਨਾ ਕਦੇ ਪੂਰਣ ਨਹੀਂ ਹੁੰਦੀ।
- ਕ੍ਰੋਧ ਦੀ ਅਵਸਥਾ ਵਿੱਚ ਦਸ ਵਾਰ ਸੋਚ ਕੇ ਬੋਲੋ।
- ਆਪਣੀ ਗਲਤੀ ਨੂੰ ਮੰਨ ਲੈਣਾ ਮਹਾਨ ਗੁਣ ਹੈ।
- ਜੋ ਸਮਾਂ ਬਰਬਾਦ ਕਰਦਾ ਹੈ, ਸਮਾਂ ਉਸਨੂੰ ਬਰਬਾਦ ਕਰ ਦਿੰਦਾ ਹੈ।

– ਡਾ: ਰਜਿੰਦਰ ਪ੍ਰਸਾਦ

ਸੰਗ੍ਰਹਿ ਕਰਤਾ: ਡਿੰਪਲਜੀਤ ਰੰਧਾਵਾ



# ਬੱਚਿਆਂ ਪ੍ਰਤੀ ਚਾਚਾ ਨਹਿਰੂ ਜੀ ਦਾ ਸੁਪਨਾ



- ਬਲਬੀਰ ਸੋਢੀ

*14 ਨਵੰਬਰ, ਬਾਲ ਦਿਵਸ ਤੇ ਵਿਸ਼ੇਸ਼*

ਸੁਪਨਾ ਉਹ ਸਾਕਾਰ ਹੋ ਗਿਆ,
ਚਾਚਾ ਨਹਿਰੂ ਨੇ ਜੋ ਸੰਜੋਇਆ।
ਬੱਚਿਆਂ ਲਈ ਇਹ ਦਿਨ,
ਬਾਲ ਦਿਵਸ ਵਜੋਂ ਸ਼ੁਰੂ ਕਰਾਇਆ।

ਬੱਚੇ ਦੇਸ਼ ਦਾ ਭਵਿੱਖ,
ਬੱਚੇ ਵਿਹੜਿਆਂ ਦੀ ਸ਼ਾਨ।
ਕਰਕੇ ਉੱਚੀਆਂ ਪੜ੍ਹਾਈਆਂ,
ਬੱਚੇ ਬਣਦੇ ਮਹਾਨ।

ਮੋਤੀਆਂ ਦੀ ਮਾਲਾ ਵਾਂਗਰਾਂ,
ਇੱਕਠੇ ਰਹਿਣ ਦਾ ਪਾਠ ਪੜ੍ਹਾਇਆ।
ਸੁਪਨਾ ਉਹ ਸਾਕਾਰ ਹੋ ਗਿਆ,
ਚਾਚਾ ਨਹਿਰੂ ਨੇ ਜੋ ਸੰਜੋਇਆ।

ਬੱਚਿਆਂ ਦੇ ਮਨਾਂ ਵਿੱਚ,
ਕਿਸੇ ਪ੍ਰਤੀ ਕ੍ਰੋਧ ਨਹੀਂ।
ਰੱਬ ਦਾ ਨੇ ਰੂਪ ਬੱਚੇ,
ਨਫ਼ਰਤ ਦਾ ਵੀ ਬੋਧ ਨਹੀਂ।

ਮਾਸੂਮੀਅਤ ਬੱਚਿਆਂ ਦੀ ਨੇ,
ਪਿਆਰ ਵਾਲਾ ਰੰਗ ਹੈ ਚੜ੍ਹਾਇਆ।
ਸੁਪਨਾ ਉਹ ਸਾਕਾਰ ਹੋ ਗਿਆ,
ਚਾਚਾ ਨਹਿਰੂ ਨੇ ਜੋ ਸੰਜੋਇਆ।


ਪੂਰਨ ਸਤਿਗੁਰੂ ਦਾ ਆਉਂਦਾ,
ਸਾਰੀਆਂ ਸੰਗਤਾਂ ਨੂੰ ਫੁਰਮਾਨ।
ਬਾਲ ਦਿਵਸ ਮਨਾਉਂਦੇ ਰਹੀਏ,
ਨਿਰੰਕਾਰੀ ਮਿਸ਼ਨ ਦੀ ਬੱਚੇ ਸ਼ਾਨ।

ਸੰਗਤ ਦੇ ਨਾਲ ਜੋੜੋ ਬੱਚੇ,
ਸੋਢੀ ਕਿਉਂ ਵਖ਼ਤ ਗਵਾਇਆ
ਸੁਪਨਾ ਉਹ ਸਾਕਾਰ ਹੋ ਗਿਆ,
ਚਾਚਾ ਨਹਿਰੂ ਨੇ ਜੋ ਸੰਜੋਇਆ


ਚਿੱਤਰਕਥਾ


# ਘਮੰਡ ਦੂਰ ਹੋ ਗਿਆ


## ਚਿੱਤਰਕਾਰ ਅਤੇ ਲੇਖਕ : ਅਜੈ ਕਾਲੜਾ







ਇੱਕ ਵਾਰ ਉਹ ਕਿਤੇ ਜਾ ਰਿਹਾ ਸੀ ਤਾਂ ਉਸ ਨੇ ਵੇਖਿਆ ਕਿ ਜਾਮੁਨਾਂ ਦੇ ਰੁੱਖ ਕਾਲੇ-ਕਾਲੇ ਜਾਮੁਨਾਂ ਨਾਲ ਭਰੇ ਹੋਏ ਸਨ। ਜਿਸ ਨੂੰ ਵੇਖ ਕੇ ਖਰਗੋਸ਼ ਦੇ ਮੂੰਹ ਵਿੱਚ ਪਾਣੀ ਆ ਗਿਆ ਸੀ।
ਇੱਕ ਵੱਡੇ ਸਾਰੇ ਜਾਮੁਨ ਦੇ ਰੁੱਖ ਤੇ ਉਸ ਨੂੰ ਤੋਤਿਆਂ ਦਾ ਇੱਕ ਝੁੰਡ ਜਾਮੁਨ ਖਾਂਦਾ ਦਿਖਾਈ ਦਿੱਤਾ।
ਪਿਆਰੇ ਤੋਤਿਉ ਮੇਰੇ ਲਈ ਵੀ ਥੋੜੇ ਜਿਹੇ ਮਾਮੁਨ ਸੁੱਟ ਦਿਉ।
ਉਹਨਾਂ ਤੋਤਿਆਂ ਵਿੱਚੋਂ ਮਿੱਠੂ ਨਾਂ ਦਾ ਤੋਤਾ ਬੜਾ ਸ਼ਰਾਰਤੀ ਅਤੇ ਚੰਚਲ ਸੀ।
ਦਾਦਾ ਜੀ, ਇਹ ਤਾਂ ਦੱਸੋ ਕਿ ਆਪ ਗਰਮ ਜਾਮੁਨ ਖਾਉਗੇ ਜਾਂ ਠੰਡੇ?


ਬੁੱਢਾ ਖਰਗੋਸ਼ ਹੈਰਾਨ ਹੋ ਕੇ ਬੋਲਿਆ, 'ਭਲਾ ਜਾਮੁਨ ਵੀ ਕਦੇ ਗਰਮ ਹੁੰਦੇ ਹਨ? ਚਲੋ ਮੇਰੇ ਨਾਲ ਮਖੌਲ ਨਾ ਕਰੋ। ਮੈਨੂੰ ਥੋੜੇ ਜਿਹੇ ਜਾਮੁਨ ਤੋੜ ਦਿਉ।'
ਦਾਦਾ ਜੀ ਆਪ ਠਹਿਰੇ ਐਨੇ ਵੱਡੇ ਵਿਦਵਾਨ। ਇਹ ਵੀ ਨਹੀਂ ਜਾਣਦੇ ਕਿ ਜਾਮੁਨ ਗਰਮ ਵੀ ਹੁੰਦੇ ਹਨ ਅਤੇ ਠੰਡੇ ਵੀ। ਪਹਿਲਾਂ ਤੁਸੀਂ ਦੱਸੋ ਕਿ ਤੁਹਾਨੂੰ ਕਿਹੋ ਜਿਹੇ ਚਾਹੀਦੇ ਹਨ? ਭਲਾ ਇਹ ਜਾਣੇ ਬਿਨਾ ਤੁਹਾਨੂੰ ਜਾਮੁਨ ਕਿਵੇਂ ਦਈਏ?
ਬੁੱਢੇ ਅਤੇ ਵਿਦਵਾਨ ਖਰਗੋਸ਼ ਦੀ ਸਮਝ ਵਿੱਚ ਬਿਲਕੁਲ ਵੀ ਨਾ ਆਇਆ ਕਿ ਭਲਾ ਜਾਮੁਨ ਗਰਮ ਕਿਵੇਂ ਹੋਣਗੇ? ਫਿਰ ਵੀ ਉਹ ਉਸ ਭੇਤ ਨੂੰ ਜਾਣਨਾ ਚਾਹੁੰਦਾ ਸੀ।
''ਬੇਟਾ ਤੂੰ ਮੈਨੂੰ ਗਰਮ ਜਾਮੁਨ ਹੀ ਖੁਵਾ ਠੰਡੇ ਤਾਂ ਮੈਂ ਬਹੁਤ ਖਾਧੇ ਹਨ।''


ਛੋਟੇ ਜਿਹੇ ਮਿੱਠੂ ਨੇ ਬੁੱਢੇ ਖਰਗੋਸ਼ ਦੀ ਗੱਲ ਸੁਣ ਕੇ ਰੁੱਖ ਦੀ ਇੱਕ ਟਹਿਣੀ ਨੂੰ ਜ਼ੋਰ ਨਾਲ ਹਿਲਾਇਆ। ਪੱਕੇ-ਪੱਕੇ ਢੇਰ ਸਾਰੇ ਜਾਮੁਨ ਹੇਠਾਂ ਧੂੜ ਵਿੱਚ ਵਿਛ ਗਏ। ਬੁੱਢਾ ਖਰਗੋਸ਼ ਉਹਨਾਂ ਨੂੰ ਚੁੱਕ ਕੇ ਫੂਕ ਮਾਰ ਕੇ ਖਾਣ ਲੱਗਾ।
ਪੁੱਤ? ''ਇਹ ਤਾਂ ਸਧਾਰਨ ਠੰਡੇ ਜਾਮੁਨ ਹੀ ਹਨ।''
''ਕੀ ਠੰਡੇ ਹਨ? ਤਾਂ ਫਿਰ ਆਪ ਇਹਨਾਂ ਨੂੰ ਫੂਕ-ਫੂਕ ਕੇ ਕਿਉਂ ਖਾ ਰਹੇ ਹੋ? ਇਸ ਤਰ੍ਹਾਂ ਤਾਂ ਸਿਰਫ ਗਰਮ ਚੀਜ਼ਾਂ ਹੀ ਖਾਧੀਆਂ ਜਾਂਦੀਆਂ ਹਨ।
ਮਿੱਠੂ ਤੋਤੇ ਦੀ ਗੱਲ ਦਾ ਭੇਤ ਬੁੱਢੇ ਖਰਗੋਸ਼ ਦੀ ਸਮਝ ਵਿੱਚ ਆ ਗਿਆ ਅਤੇ ਉਹ ਬੜਾ ਸ਼ਰਮਿੰਦਾ ਹੋਇਆ। ਉਸ ਦਾ ਘਮੰਡ ਦੂਰ ਹੋ ਗਿਆ।

# ਬੁੱਧੀ ਦੀ ਪਰਖ

## ਦੋਹਾਂ ਚਿਤੱਰਾਂ ਵਿਚੋਂ 10 ਅੰਤਰ ਲੱਭੋ!





Nirankari Radio

radio.nirankari.org

24x7

Kids Divine

ek ruhani muskaan

kids.nirankari.org

Catch the latest episode
on 23rd of every month

NEWS DIVINE

www.nirankari.org

Catch the latest episode
on 10th of every month

IT'S LIVE,
DOWNLOAD NOW



SNM
MOBILE APP

App Store

Google Play

सुनो तराने
नए पुराने

Nirankari Radio

Bhakti Sangeet

radio.nirankari.org

Catch the latest episode
on 20th of every month

महफ़िल ए रूहानियत

Mehfil-E-Ruhaniyat

Special programme

Voice DIVINE

radio.nirankari.org

Catch the latest episode
on 1st & 16th of every month

SOUL VIBES

radio.nirankari.org

Catch the latest episode
on Last Friday of every month


Posted at LPC Delhi RMS, Delhi-110006. Prescribed dates 23rd & 24th. Date of Publication: 17th & 18th (Advance Month)

| | | |
|---|---|---|
| Registered with the | : | Delhi Postal Regd. No. DL (N)/137/2021-2023 |
| Registrar of Newspaper | : | Licence No. U (DN)-60/2021-23 |
| For India Under RNI No. 32345/1977 | : | Licenced to post without Pre-payment |









NIRANKARI JEWELS

78-84, Edward Line, Kingsway Camp, Delhi, 110009
Near G.T.B. Nagar Metro Station Gate No. 4

011-42870440, 42870441, 47058133
nirankari_jewels@hotmail.com
www.nirankarijewels.com
@nirankarijewelsdelhi
Nirankari Jewels Pvt. Ltd.

Monday Closed

Customer Care : **9818883394**